# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 23 ਸਤੰਬਰ 2025 ਦਿਨ ਮੰਗਲਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਸ਼ਹੀਦ ਭਗਤ ਸਿੰਘ ਦਾ 118ਵਾਂ ਜਨਮਦਿਨ ਕੋਟਕਪੂਰਾ ਵਿਖੇ ਮਨਾਉਣ ਦਾ ਫੈਸਲਾ : ਕੌਸ਼ਲ/ਚਾਨੀ/ਚਾਵਲਾ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 23 ਸਤੰਬਰ : ਰਾਮ ਮੁਹੰਮਦ ਸਿੰਘ ਆਜ਼ਾਦ ਵੈਲਫੇਅਰ ਸੁਸਾਇਟੀ (ਰਜਿ:), ਗੁੱਡ ਮੋਰਨਿੰਗ ਵੈਲਫੇਅਰ ਸੁਸਾਇਟੀ, ਕੋਟਕਪੂਰਾ, ਪੰਜਾਬ ਪੈਨਸ਼ਨਰਜ਼ ਯੂਨੀਅਨ ਜ਼ਿਲ੍ਹਾ ਫਰੀਦਕੋਟ, ਸ਼ਹੀਦ ਭਗਤ ਸਿੰਘ ਪੈਨਸ਼ਨਰ ਵੈਲਫੇਅਰ ਟਰੱਸਟ ਜ਼ਿਲ੍ਹਾ ਫਰੀਦਕੋਟ ਅਤੇ ਕਈ ਹੋਰ ਸਮਾਜ ਸੇਵੀ ਸੰਸਥਾਵਾਂ ਵੱਲੋਂ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਜੀ ਦਾ 118 ਵਾਂ ਜਨਮਦਿਨ ਇਸ ਮਹਾਨ ਸ਼ਹੀਦ ਦੀ ਕੁਰਬਾਨੀ ਅਤੇ ਵਿਚਾਰਾਂ ਨੂੰ ਯਾਦ ਕਰਦਿਆਂ ਮਨਾਉਣ ਦਾ ਫੈਸਲਾ ਕੀਤਾ ਗਿਆ ਹੈ। ਸਮਾਗਮ ਦੌਰਾਨ ਮੌਜੂਦਾ ਸਮੇਂ ਵਿੱਚ ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਦੀ ਮਹੱਤਤਾ ਅਤੇ ਦੇਸ਼ ਨੂੰ ਦਰਪੇਸ਼ ਵੱਖ ਵੱਖ ਕਿਸਮ ਦੀਆਂ ਚੁਣੌਤੀਆਂ ਵਿਸ਼ੇ ਸਬੰਧੀ ਵਿਚਾਰ ਚਰਚਾ ਮਿਤੀ 28 ਸਤੰਬਰ ਦਿਨ ਐਤਵਾਰ ਨੂੰ ਸਵੇਰੇ ਠੀਕ 9:00 ਵਜੇ ਸ਼ਹੀਦ ਭਗਤ ਸਿੰਘ ਪਾਰਕ ਸਾਹਮਣੇ ਪੁਰਾਣਾ ਕਿਲ੍ਹਾ ਸਕੂਲ, ਕੋਟਕਪੂਰਾ ਵਿਖੇ ਕੀਤੀ ਜਾ ਰਹੀ ਹੈ। ਇਹ ਜਾਣਕਾਰੀ ਦਿੰਦਿਆਂ ਵੱਖ-ਵੱਖ ਸਮਾਜਸੇਵੀ ਸੰਸਥਾਵਾਂ ਦੇ ਆਗ ਮਾਸਟਰ ਅਸ਼ੋਕ ਕੌਸ਼ਲ, ਕੁਲਵੰਤ ਸਿੰਘ ਚਾਨੀ, ਡਾ. ਮਨਜੀਤ ਸਿੰਘ ਢਿੱਲੋਂ, ਗੁਰਿੰਦਰ ਸਿੰਘ ਮਹਿੰਦੀਰੱਤਾ, ਪ੍ਰੇਮ ਚਾਵਲਾ, ਸੋਮਨਾਥ ਅਰੋੜਾ, ਉਦੇ ਰਣਦੇਵ, ਪ੍ਰੋ. ਹਰਬੰਸ ਸਿੰਘ ਪਦਮ, ਮੁਖਤਿਆਰ ਸਿੰਘ ਮੱਤਾ, ਗੁਰਚਰਨ ਸਿੰਘ ਮਾਨ, ਇਕਬਾਲ ਸਿੰਘ ਮੰਘੇੜਾ ਤੇ ਤਰਸੇਮ ਨਰੂਲਾ ਨੇ ਦੱਸਿਆ ਕਿ ਵਿਚਾਰ ਚਰਚਾ ਤੋਂ ਪਹਿਲਾਂ ਸ਼ਹੀਦ ਭਗਤ ਸਿੰਘ ਜੀ ਦੇ ਬੁੱਤ ’ਤੇ ਫੁੱਲ ਮਾਲਾ ਅਰਪਣ ਕੀਤੀ ਜਾਵੇਗੀ। ਉਹਨਾਂ ਇਸ ਮੌਕੇ ਇਲਾਕੇ ਭਰ ਦੇ ਸਮੂਹ ਸਮਾਜਸੇਵੀ ਸੰਸਥਾਵਾਂ ਦੇ ਮੈਂਬਰਾਂ ਨੂੰ ਵੱਧ ਤੋਂ ਵੱਧ ਗਿਣਤੀ ਵਿੱਚ ਦਰਸ਼ਨ ਦੇਣ ਦੀ ਅਪੀਲ ਕੀਤੀ ਹੈ।

## ਸੀਨੀਅਰ ਭਾਜਪਾ ਆਗੂ ਡਾ. ਰਮਨਦੀਪ ਸਿੰਘ ਦੇ ਗ੍ਰਹਿ ਪੁੱਜੇ ਮਨਪ੍ਰੀਤ ਸਿੰਘ ਬਾਦਲ

### ਭਾਰਤੀ ਜਨਤਾ ਪਾਰਟੀ ਦੀ ਅਸਲੀ ਤਾਕਤ ਉਸਦਾ ਇਮਾਨਦਾਰ ਤੇ ਸਮਰਪਿਤ ਵਰਕਰ ਹੈ :

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 23 ਸਤੰਬਰ : ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਅਤੇ ਪੁਰਾਣੇ ਤਜਰਬੇਕਾਰ ਸਿਆਸਤਦਾਨ ਸ. ਮਨਪ੍ਰੀਤ ਸਿੰਘ ਬਾਦਲ ਨੇ ਭਾਰਤੀ ਜਨਤਾ ਪਾਰਟੀ ਦੇ ਮੁੱਖ ਆਗੂ ਡਾ. ਰਮਨਦੀਪ ਸਿੰਘ ਜੈਤੋ ਦੇ ਨਿਵਾਸ ਸਥਾਨ ’ਤੇ ਵਿਸ਼ੇਸ਼ ਫੇਰੀ ਪਾਈ। ਸ. ਬਾਦਲ ਦਾ ਗਰਮਜੋਸ਼ੀ ਨਾਲ ਸਵਾਗਤ ਡਾ. ਰਮਨਦੀਪ ਸਿੰਘ ਵੱਲੋਂ ਫੁੱਲਾਂ ਦਾ ਗੁਲਦਸਤਾ ਭੇਂਟ ਕਰਕੇ ਕੀਤਾ ਗਿਆ। ਇਸ ਮੌਕੇ ਭਾਰਤੀ ਜਨਤਾ ਪਾਰਟੀ ਜ਼ਿਲ੍ਹਾ ਫਰੀਦਕੋਟ ਦੇ ਪ੍ਰਧਾਨ ਸ਼੍ਰੀ ਗੌਰਵ ਕੱਕੜ ਨੇ ਵੀ ਸ. ਬਾਦਲ ਦਾ ਰਸਮੀ ਤੌਰ ’ਤੇ ਸਵਾਗਤ ਕੀਤਾ ਅਤੇ ਉਨ੍ਹਾਂ ਨੂੰ ਪਾਰਟੀ ਵੱਲੋਂ ਨਿਰੰਤਰ ਮਿਲ ਰਹੇ ਸਮਰਥਨ ਬਾਰੇ ਜਾਣੂ ਕਰਵਾਇਆ। ਇਸ ਮੌਕੇ ਹਲਕਾ ਜੈਤੋ ਦੀ ਭਾਰਤੀ ਜਨਤਾ ਪਾਰਟੀ ਦੀ ਪੂਰੀ ਲੀਡਰਸ਼ਿਪ ਅਤੇ ਵੱਡੀ ਗਿਣਤੀ ਵਿੱਚ ਵਰਕਰ ਹਾਜ਼ਰ ਸਨ। ਵਰਕਰਾਂ ਨਾਲ ਗੱਲਬਾਤ ਦੌਰਾਨ ਸ. ਬਾਦਲ ਨੇ ਪਾਰਟੀ ਨੂੰ ਹੋਰ ਮਜ਼ਬੂਤ ਕਰਨ ਲਈ ਵਿਸਥਾਰਪੂਰਵਕ ਸਲਾਹ-ਮਸ਼ਵਰਾ ਕੀਤਾ ਅਤੇ ਹਰ ਵਰਕਰ ਦੇ ਵਿਚਾਰ ਧਿਆਨ ਨਾਲ ਸੁਣੇ। ਉਹਨਾਂ ਜ਼ੋਰ ਦਿੰਦੇ ਹੋਏ ਕਿਹਾ ਕਿ ਭਾਰਤੀ ਜਨਤਾ ਪਾਰਟੀ ਦੀ ਅਸਲੀ ਤਾਕਤ ਉਸਦਾ ਇਮਾਨਦਾਰ ਤੇ ਸਮਰਪਿਤ ਵਰਕਰ ਹੈ। ਸ. ਬਾਦਲ ਨੇ ਵਰਕਰਾਂ ਨੂੰ ਸੰਦੇਸ਼ ਦਿੰਦਿਆਂ ਕਿਹਾ ਕਿ ਸਾਨੂੰ ਸਿਰਫ ਸਿਆਸਤ ਤੱਕ ਸੀਮਿਤ ਨਹੀਂ ਰਹਿਣਾ ਚਾਹੀਦਾ, ਸਗੋਂ ਅਗਲੀ ਪੀੜ੍ਹੀ ਦੀ ਪੜ੍ਹਾਈ ਅਤੇ ਉਹਨਾਂ ਦੇ ਭਵਿੱਖ ’ਤੇ ਖਾਸ ਧਿਆਨ ਦੇਣਾ ਚਾਹੀਦਾ ਹੈ। ਇੱਕ ਪੜ੍ਹੀ ਲਿਖੀ, ਸੋਚਵਾਨ ਅਤੇ ਸਸ਼ਕਤ ਪੀੜ੍ਹੀ ਹੀ ਇੱਕ ਚੰਗੇ ਰਾਸ਼ਟਰ ਦੀ ਨੀਂਹ ਰੱਖ ਸਕਦੀ ਹੈ। ਉਹਨਾਂ ਨੇ ਯੁਵਾ ਪੀੜ੍ਹੀ ਨੂੰ ਪਾਰਟੀ ਦੀ ਮੁੱਖ ਧੁਰਿਰੀ ਬਣਾਉਣ ’ਤੇ ਭੀ ਜ਼ੋਰ ਦਿੱਤਾ। ਇਸ ਮੌਕੇ ਹੋਰ ਆਗੂਆਂ ਅਤੇ ਵਰਕਰਾਂ ਵਿੱਚ ਮੰਡਲ ਪ੍ਰਧਾਨ ਰਾਮ ਰਤਨ, ਸੰਦੀਪ ਸ਼ਰਮਾ, ਅਭੀ ਮਿੱਤਲ, ਰਾਮ ਅਵਤਾਰ ਵਰਮਾ, ਸ਼ੈਟੀ ਸ਼ਰਮਾ, ਗੁਰਮੀਤ ਰਾਮੇਆਣਾ, ਦਰਸ਼ਨ ਸਿੰਘ, ਗੁਰਪ੍ਰੀਤ ਰਾਜੂ, ਗੁਰਪ੍ਰੀਤ, ਹਰਮਨ, ਪਾਲਾ, ਲਵਪ੍ਰੀਤ ਸਿੰਘ, ਗੁਰਪ੍ਰੀਤ ਸਿੰਘ, ਪਰਵੀਨ, ਜਸਵਿੰਦਰ, ਅੰਗਰੇਜ਼ ਰਾਜੂ, ਸੋਨਾ, ਡਾ. ਰੂਬੀ, ਅਜਮੇਰ ਸਿੰਘ, ਰਿੱਕੀ, ਕੁਲਵਿੰਦਰ ਖਾਲਸਾ ਆਦਿ ਸ਼ਾਮਲ ਸਨ। ਇਹ ਮੀਟਿੰਗ ਸਿਰਫ ਪਾਰਟੀ ਦੀ ਏਕਤਾ ਅਤੇ ਭਰੋਸੇ ਦਾ ਪ੍ਰਗਟਾਵਾ ਹੀ ਨਹੀਂ ਸੀ, ਸਗੋਂ ਇਸ ਗੱਲ ਦਾ ਸਪੱਸ਼ਟ ਸੰਕੇਤ ਵੀ ਸੀ ਕਿ ਭਾਰਤੀ ਜਨਤਾ ਪਾਰਟੀ ਹਲਕਾ ਜੈਤੋ ਵਿੱਚ ਆਉਣ ਵਾਲੇ ਸਮੇਂ ਵਿੱਚ ਹੋਰ ਮਜ਼ਬੂਤ ਢੰਗ ਨਾਲ ਉਭਰ ਰਹੀ ਹੈ।

## ਜਦੋਂ ਮੈਂ ਪਹਿਲੀ ਵਾਰ ਭਾਸ਼ਨ ਦਿੱਤਾ

ਵਰਲਡ ਪੰਜਾਬੀ ਟਾਈਮਜ਼ ਮੇਜਰ ਸਿੰਘ ਨਾਭਾ



ਭਾਸ਼ਣ ਦੇਣਾ ਹਰੇਕ ਦੇ ਵਸ ਦੀ ਗੱਲ ਨਹੀਂ, ਭਾਸ਼ਣ ਦੇਣਾ ਵੀ ਇੱਕ ਕਲਾ ਹੈ। ਕਈਆਂ ਅੰਦਰ ਇਹ ਕਲਾ ਕੁਦਰਤੀ ਹੁੰਦੀ ਹੈ, ਕਈਆਂ ਨੂੰ ਮੌਕੇ ਮਿਲ ਜਾਂਦੇ ਹਨ, ਕਈਆਂ ਨੂੰ ਮਜਬੂਰੀ ਵਸ ਕਰਨਾ ਪੈਂਦਾ ਹੈ।ਵੈਸੇ ਇਹ ਕਲਾ ਹਰੇਕ ਅੰਦਰ ਹੁੰਦੀ ਕਈ ਉਜਾਗਰ ਕਰ ਦਿੰਦੇ ਹਨ, ਕਈਆਂ ਅੰਦਰ ਇਹ ਛੁਪੀ ਰਹਿੰਦੀ ਹੈ। ਮੈਂ ਬਤੌਰ ਆਰਟ / ਕਰਾਫਟ ਟੀਚਰ ਰੈਗੂਲਰ ਤੌਰ ਤੇ 30 ਅਪ੍ਰੈਲ 1997 ਨੂੰ ਸ.ਹ.ਸ. ਉਲਾਣਾ ( ਘਨੌਰ) ਵਿਖੇ ਹਾਜ਼ਰੀ ਦਿੱਤੀ। ਇਹ ਸਕੂਲ ਮੇਰੇ ਘਰ ਨਾਭਾ ਤੋਂ 55 ਕਿਲੋਮੀਟਰ ਦੂਰ ਸੀ। ਪਟਿਆਲਾ ਗੇਟ ਤੋਂ ਪਹਿਲੀ ਬਸ ਚੜ੍ਹਨਾ ਅਤੇ ਪਟਿਆਲੇ ਤੋਂ ਘਨੌਰ ਦੀ ਪਹਿਲੀ ਬਸ ਲੈਣੀ ਤਾਂ ਜੋ ਅੱਗੇ ਘਨੌਰ ਤੋਂ ਚੰਡੀਗੜ੍ਹ ਵਾਲੀ ਪਹਿਲੀ ਬਸ ਮਿਲ ਸਕੇ ਜੋ ਕਿ ਕਾਮੀ ਕਲਾਂ ਦੇ ਅੱਡੇ ਤੇ ਪਹੁੰਚਾ ਦਿੰਦੀ, ਉਥੋਂ ਡੇਢ ਦੋ ਕਿ:ਮੀ: ਦੂਰੀ ਤੇ ਸਕੂਲ ਪੈਦਲ ਜਾਣਾ, ਫਿਰ ਵੀ ਲੇਟ ਹੋ ਜਾਣਾ। ਪਰ ਮਜਬੂਰੀ ਕਾਰਨ ਹੋਰ ਕੋਈ ਹੱਲ ਨਹੀਂ ਸੀ।ਮੈਂ ਸਕੂਲ ਦੇ ਕੰਮ ਜੋ ਸਕੂਲ ਟਾਈਮ ਤੋਂ ਬਾਅਦ ਹੋਣ ਵਾਲੇ ਹੁੰਦੇ ਮੈਂ ਬਾਅਦ ਹੀ ਕਰਦਾ, ਆਨ ਡਿਊਟੀ ਹੋਣ ਦੀ ਆਦਤ ਨਹੀਂ ਸੀ। ਇੱਕ ਦਿਨ ਵਧੀਕ ਡਿਪਟੀ ਕਮਿਸ਼ਨਰ ਦੇ ਦਫਤਰ ਦੀ ਸਕੂਲੋਂ ਸਾਖਰਤਾ ਸਬੰਧੀ ਡਾਕ ਦੇਣੀ ਸੀ ਤਾਂ ਵਾਪਸੀ ਤੇ ਸਮਾਂ ਦੇਖ ਮੈਂ ਗੁ: ਦੁੱਖ ਨਿਵਾਰਨ ਸਹਿਬ ਦੇ ਬਸ ਸਟਾਪ ਉੱਪਰ ਉੱਤਰ ਗਿਆ ਕਿਉਂ ਕਿ ਦਫਤਰ ਨਾਭਾ ਰੋਡ ਤੇ ਇਸ ਬਸ ਸਟਾਪ ਦੇ ਨਾਲ ਹੀ ਸੀ। ਮੇਰਾ ਦੋਸਤ ਗੁਰਮੇਲ ਸਿੰਘ ਸਾਖਰਤਾ ਮਹਿੰਮ ਦੇ ਪ੍ਰੋਜੈਕਟ ਵਿੱਚ ਡੈਪੂਟੇਸਨ ਉੱਪਰ ਕੰਮ ਕਰ ਰਿਹਾ ਸੀ। ਨਾਭੇ ਸਬ –ਡਵੀਜ਼ਨ ’ਚ ਸਾਖਰਤਾ ਇੰਚਾਰਜ ਦੀ ਲੋੜ ਸੀ।ਉਸ ਨੇ ਮੇਰੇ ਨਾਲ ਗੱਲ ਕੀਤੀ ਮੈਂ ਹਾਂ ਕਰ ਦਿੱਤੀ। ਉਸ ਨੇ ਮੈਨੂੰ ਸਬ-ਡਵੀਜ਼ਨ ਨਾਭਾ ਦੇ ਸਾਖਰਤਾ ਮਿਸ਼ਨ ਦੇ ਕੰਮ ਲਈ ਜਿਲ੍ਹਾ ਸਿੱਖਿਆ ਅਫਸਰ ਪਟਿਆਲਾ ਤੋਂ ਇੱਕ ਮਹੀਨੇ ਦੀ ਡਿਊਟੀ ਤੇ ਕਰਵਾ ਦਿੱਤਾ।

ਮੈਂ ਸਕੂਲ ਦੀ ਡਾਕ ਆਨ ਡਿਊਟੀ ਲੈ ਕੇ ਨਹੀਂ ਸੀ ਆਇਆ। ਮੈਂ ਬਹੁਤ ਘੱਟ ਆਨ-ਡਿਊਟੀ ਸਕੂਲ ਦਾ ਕੰਮ ਕੀਤਾ, ਉਹ ਵੀ ਜਿਸ ਦਾ ਕੰਮ ਪੂਰੇ ਦਿਨ ’ਚ ਹੋਣ ਵਾਲਾ ਹੁੰਦਾ, ਉਹੀ ਡਿਊਟੀ ਲੈਂਦਾ, ਨਹੀਂ ਤਾਂ ਸਕੂਲ ਟਾਈਮ ਤੋਂ ਬਾਦ ਹੀ ਕਰ ਦਿੰਦਾ ਸੀ। ਮੈਂ ਐਸ.ਡੀ.ਐਮ.ਦਫਤਰ ਨਾਭੇ 18 ਅਗਸਤ 1997 ਨੂੰ ਹਾਜ਼ਰ ਹੋ ਗਿਆ ਅਤੇ ਮੇਰੀ ਡਿਊਟੀ ’ਚ ਅੱਗੋਂ ਹੋਰ ਵਾਧਾ ਵਾਰ-ਵਾਰ ਹੋਣ ਕਰਕੇ ਮੈਂ 27 ਅਪ੍ਰੈਲ 2000 ਤੱਕ ਕੰਮ ਕੀਤਾ। ਇਥੇ ਮੈਂ ਪਹਿਲਾਂ ਐਸ.ਡੀ.ਐਮ. ਸ੍ਰ. ਸ਼ਿਵਦੁਲਾਰ ਸਿੰਘ ਢਿੱਲੋਂ ਨਾਲ ਕੰਮ ਕੀਤਾ। ਬਾਅਦ ’ਚ ਐਸ.ਡੀ.ਐਮ. ਸ੍ਰ.ਜ਼ੋਰਾ ਸਿੰਘ ਥਿੰਦ ਨਾਲ ਵੀ ਕੰਮ ਕੀਤਾ।ਮੇਰੇ ਨਾਲ ਕਈ ਤਹਿਸੀਲਦਾਰਾਂ ਨਾਲ ਵੀ ਵਾਹ ਪਿਆ ਕਿਉਂ ਕਿ ਜੋ ਫੰਡ ਆਉਂਦਾ ਸੀ ਉਹ ਐਸ.ਡੀ.ਐਮ.ਸਾਹਿਬ ਨੇ ਤਹਿਸੀਲਦਾਰ ਦੇ ਨਾਂ ਅਕਾਊਂਟ ਖੁਲ੍ਹਵਾ ਦਿੱਤਾ ਸੀ। ਇਸ ਕਰਕੇ ਕੋਈ ਚੀਜ ਦੀ ਖਰੀਦੋ-ਫਰੋਖਤ ਕਰਨ ਲਈ ਪ੍ਰਪੋਜਲ ਬਣਾ ਕੇ ਐਸ.ਡੀ.ਐਮ.ਤੋਂ ਮਾਰਕ ਕਰਵਾ ਕੇ ਤਹਿਸੀਲਦਾਰ ਨੇ ਫਾਈਨਲ ਕਰਨੀ ਹੁੰਦੀ ਸੀ।ਸਾਖਰਤਾ ਨਾਲ ਸਬੰਧਤ ਪ੍ਰੋਗਰਾਮ ਵੀ ਤਹਿਸੀਦਾਰ ਨੂੰ ਕਰਵਾਉਣੇ ਪੈਂਦੇ ਸੀ। ਇਥੇ ਦਫਤਰ ’ਚ ਬਹੁਤ ਕੁਝ ਨਵਾਂ ਸਿੱਖਣ ਨੂੰ ਮਿਲਿਆ।ਮੇਰੇ ਕੋਲ ਪੂਰੀ ਤਹਿਸੀਲ ਦੇ ਪਿੰਡਾਂ ਅਤੇ ਨਾਭੇ ਦੀ ਅਨਪੜ੍ਹਾਂ ਦੀਆਂ ਲਿਸਟਾਂ ਚੋਂ ਮੁਹੱਲਿਆਂ ਮੁਤਾਬਕ ਉਨ੍ਹਾਂ ਨੂੰ ਪੜ੍ਹਾਉਣ ਲਈ ਵਲੰਟੀਅਰ ਲੱਭ ਕੇ ਅਨਪੜ੍ਹਾਂ ਨੂੰ ਪੜ੍ਹਾਉਣ ਦਾ ਕੰਮ ਸੀ। ਲੋਕਾਂ ਨੂੰ ਜਾਗਰੂਕ ਕਰਨ ਲਈ ਪਿੰਡਾਂ .ਸ਼ਹਿਰ ’ਚ ਨਾਟਕਾਂ, ਬੁਲਾਰਿਆਂ ਸੰਗੀਤ ਮੰਡਲੀ ਨਾਲ ਪ੍ਰੋਗਰਾਮ ਵੀ ਜਿਲ੍ਹਾ ਪੱਧਰ ਵਲੋਂ ਰੱਖੇ ਜਾਂਦੇ ਸੀ। ਉਪਰੋਂ ਹਦਾਇਤਾਂ ਮੁਤਾਬਕ ਸ਼ਹਿਰ ਵਿੱਚ ਪਹਿਲਾ ਪ੍ਰੋਗਰਾਮ ਨਗਰ ਕੌਂਸ਼ਲ ਦੇ ਸਹਿਯੋਗ ਨਾਲ ਪਟੇਲ ਨਗਰ ਦੇ ਸ.ਪ੍ਰ.ਸਕੂਲ ਵਿੱਚ ਰੱਖਿਆ ਗਿਆ ਜਿਸ ਵਿੱਚ ਅਧਿਆਪਕਾਂ ਤੋਂ ਇਲਾਵਾ ਮੁਹੱਲੇ ਦੇ ਲੋਕ ਤੇ ਖਾਸ ਕਰਕੇ ਉਥੋਂ ਦੀ ਮਹਿਲਾ ਕੌਂਸ਼ਲਰ ਵੀ ਮੌਜੂਦ ਸਨ।ਨਗਰ ਕੌਂਸਲ ਦੇ ਸਾਖਰਤਾ ਦੇ ਕੰਮ ਨਾਲ ਸਬੰਧਤ ਕਰਮਚਾਰੀ ਸ੍ਰੀ ਗੁਰਦੀਪ ਸਿੰਘ ਮੈਨੂੰ ਪਹਿਲਾਂ ਤੋਂ ਜਾਣਦਾ ਸੀ। ਸਟੇਜ ਸਕੱਤਰ ਨੇ ਉਸ ਨੂੰ ਮੇਰਾ ਨਾਮ ਪੁੱਛ ਕੇ ਐਸ.ਡੀ.ਐਮ. ਦਫਤਰ ਵਲੋਂ ਸਾਖਰਤਾ ਬਾਰੇ ਬੋਲਣ ਲਈ ਨੋਟ ਕਰ ਲਿਆ।ਗੁਰਦੀਪ ਸਿੰਘ ਨੇ ਮੈਨੂੰ ਦੱਸ ਦਿੱਤਾ ਕਿ ਮੈਨੂੰ ਵੀ ਬੋਲਣ ਲਈ ਜਾਣਾ ਪੈਣਾ ਹੈ। ਕਹਿੰਦੇ ਨੇ ‘ਫਸੀ ਨੂੰ ਫਟਕਣ ਕੀ’। ਹੁਣ ਬੋਲਣਾ ਹੀ ਪੈਣਾ ਸੀ ਪਰ ਮੈਂ ਕਦੇ ਕਿਸੇ ਸਟੇਜ਼ ਤੋਂ ਪਹਿਲਾਂ ਬੋਲਿਆ ਨਹੀਂ ਸੀ।ਸਕੂਲ ਸਮੇਂ ਤੋਂ ਹੀ ਮੈਨੂੰ ਬੋਲਣ ਦੀ ਝਿਜਕ ਪਈ ਹੋਈ ਸੀ। ਅੱਜ ਦੇ ਬੱਚਿਆਂ ਨੂੰ ਬਹੁਤ ਸਾਰੇ ਸਕੂਲ ਸਮੇਂ ’ਚ ਹੀ ਸਟੇਜ਼ ਤੇ ਬੋਲਣ ਦੇ ਮੌਕੇ ਦਿੱਤੇ ਜਾਂਦੇ ਹਨ ਜੋ ਕਿ ਹਰੇਕ ਬੱਚੇ ਲਈ ਜਰੂਰੀ ਵੀ ਹੁੰਦੇ ਹਨ। ਇਸ ਗਲੋਂ ਅੱਜ ਦੇ ਬੱਚੇ ਮਾਰ ਨਹੀਂ ਖਾਂਦੇ। ਮੈਂ ਮਨ ਵਿੱਚ ਕਾਫੀ ਵਿਚਾਰ ਬੋਲਣ ਲਈ ਸੋਚ ਲਏ ਪਰ ਜਦੋਂ ਮੇਰਾ ਨਾਮ ਬੋਲਿਆ ਮੈਂ ਸਟੇਜ਼ ਤੇ ਜਾ ਕੇ ਜਦੋਂ ਬੋਲਣ ਦੀ ਸ਼ੁਰੂਆਤ ਕੀਤੀ ਤਾਂ ਜੋ ਸੋਚਿਆ ਸੀ ਉਹ ਸਾਰਾ ਹੀ ਵਿਸਰ ਗਿਆ ਅਤੇ ਮੈਨੂੰ ਨਹੀਂ ਪਤਾ ਲੱਗਾ ਕਿ ਮੈਂ ਕਿਥੋਂ ਸ਼ੁਰੂ ਕਰਕੇ ਕੀ ਕੀ ਬੋਲ ਦਿੱਤਾ ਪਰ ਹੈ ਸੀ ਸਾਰਾ ਸਾਖਰਤਾ ਨਾਲ ਸਬੰਧਤ।ਇਸ ਤੋਂ ਬਾਅਦ ਮੈਨੂੰ ਕਈ ਥਾਵਾਂ ਉੱਪਰ ਬੋਲਣਾ ਪਿਆ। ਬਾਅਦ ਵਿੱਚ ਜਦ ਮੈਂ ਸਕੂਲ ਗਿਆ ਤਾਂ ਜਿਲ੍ਹਾ ਸਿੱਖਿਆ ਦਫਤਰ ਵਲੋਂ ਮੈਨੂੰ ਰਿਸੋਰਸ ਪਰਸਨ ਦੀ ਚੋਣ ਕਰਕੇ ਚੰਡੀਗੜ੍ਹ ਵਿਖੇ ਟ੍ਰੇਨਿੰਗ ਲੈਣ ਲਈ ਪੱਤਰ ਜਾਰੀ ਕਰ ਦਿੱਤਾ।ਮੈਨੂੰ ਚੰਡੀਗੜ੍ਹ ਟ੍ਰੇਨਿੰਗ ਲੈਣ ਉਪਰੰਤ ਅਧਿਆਕਾਂ ਦੇ ਸੈਮੀਨਾਰਾਂ ’ਚ ਟ੍ਰੇਨਿੰਗ ਦੇਣ ਕਰਕੇ ਬੋਲਣ ਦਾ ਮੌਕਾ ਵੀ ਮਿਲਿਆ ਜੋ ਮੈਂ ਤਿਆਰੀ ਕਰਕੇ ਸਫਲਤਾ ਪੂਰਵਕ ਨਿਭਾ ਸਕਿਆ ਪਰ ਲੱਗਦਾ ਔਖਾ ਹੀ ਸੀ।

## ਸ੍ਰੀ ਗੁਰੂ ਤੇਗ ਬਹਾਦਰ ਦੀ ਸ਼ਹੀਦੀ



ਵਰਲਡ ਪੰਜਾਬੀ ਟਾਈਮਜ਼ ਮਹਿੰਦਰ ਸਿੰਘ ਮਾਨ

ਕਸ਼ਮੀਰ ਤੋਂ ਚੱਲ ਕੇ ਪੰਡਤ ਪਹੁੰਚੇ ਗੁਰੂ ਤੇਗ ਬਹਾਦਰ ਪਾਸ।
ਕਹਿੰਦੇ,"ਗੁਰੂ ਜੀ,ਸਾਨੂੰ ਤੁਹਾਡੇ ਤੋਂ ਹੈ ਬਹੁਤ ਵੱਡੀ ਹੈ ਆਸ।

ਔਰੰਗਜ਼ੇਬ ਨੇ ਸਾਡਾ ਤਿਲਕ, ਜੰਜੂ ਖਤਰੇ ਵਿੱਚ ਹੈ ਪਾਇਆ।
ਸਾਰੇ ਹਿੰਦੂਆਂ ਨੂੰ ਉਸ ਨੇ ਮੁਸਲਮਾਨ ਬਣਾਉਣ ਦਾ ਮਨ ਹੈ ਬਣਾਇਆ।

ਉਸ ਨੂੰ ਜਾਨੋਂ ਮੁਕਾਇਆ, ਜਿਹੜਾ ਅੜਿਆ ਉਸ ਦੇ ਅੱਗੇ।
ਸਾਡੀ ਬਾਂਹ ਫੜਨ ਵਾਲਾ ਤੁਹਾਡੇ ਬਿਨਾਂ ਦਿਸੇ ਨਾ ਕੋਈ ਇੱਥੇ।"

ਕੁੱਝ ਸਮਾਂ ਸੋਚਣ ਪਿੱਛੋਂ ਗੁਰੂ ਜੀ ਨੇ ਦਿੱਤਾ ਇਹ ਜਵਾਬ,
"ਜੇ ਕੋਈ ਮਹਾਂਪੁਰਖ ਅੱਗੇ ਆ ਕੇ ਦੇਵੇ ਆਪਣਾ ਬਲੀਦਾਨ,

ਤਾਂ ਔਰੰਗਜ਼ੇਬ ਦੇ ਜ਼ੁਲਮਾਂ ਨੂੰ ਲੱਗ ਸਕਦੀ ਹੈ ਲਗਾਮ।"
ਕੋਲ ਆ ਕੇ ਨੌਂ ਸਾਲ ਦੇ ਗੋਬਿੰਦ ਰਾਏ ਬੋਲੇ ਸਤਿਕਾਰ ਦੇ ਨਾਲ,

"ਆਪ ਤੋਂ ਵੱਡਾ ਮਹਾਂਪੁਰਖ ਇੱਥੇ ਕੌਣ ਹੈ?ਦੱਸੋ ਮਹਾਰਾਜ।"
ਗੋਬਿੰਦ ਰਾਏ ਦੀ ਇਹ ਗੱਲ ਸੁਣ ਕੇ ਗੁਰੂ ਜੀ ਨੂੰ ਹੋ ਗਿਆ ਯਕੀਨ,

ਆਣ ਵਾਲੇ ਔਖੇ ਸਮੇਂ ਦਾ ਇਹ ਬਾਲਕ ਕਰੇਗਾ ਟਾਕਰਾ ਯਕੀਨਨ।
ਗੋਬਿੰਦ ਰਾਏ ਨੂੰ ਗੁਰੂ ਨਾਨਕ ਦੇਵ ਦੀ ਗੁਰਗੱਦੀ ਸੌਂਪ ਕੇ,

ਕੁੱਝ ਸਿੱਖਾਂ ਨੂੰ ਨਾਲ ਲੈ ਕੇ ਗੁਰੂ ਜੀ ਦਿੱਲੀ ਵੱਲ ਚੱਲ ਪਏ।
ਜਦ ਗੁਰੂ ਜੀ ਨੂੰ ਔਰੰਗਜ਼ੇਬ ਦੇ ਸਾਮ੍ਹਣੇ ਲਿਆਂਦਾ ਗਿਆ,

ਉਸ ਨੇ ਇਸਲਾਮ ਕਬੂਲਣ ਲਈ ਗੁਰੂ ਜੀ ਤੇ ਜ਼ੋਰ ਪਾਇਆ।
ਗੁਰੂ ਜੀ ਦੇ ਕੋਰੀ ਨਾਂਹ ਕਰਨ ਤੇ ਉਸ ਨੂੰ ਗੁੱਸਾ ਚੜ੍ਹ ਗਿਆ।

ਉਸ ਨੇ ਸਭ ਨੂੰ ਸਖਤ ਸਜਾਵਾਂ ਦੇਣ ਦਾ ਹੁਕਮ ਸੁਣਾ ਦਿੱਤਾ।
ਪਹਿਲਾਂ ਭਾਈ ਮਤੀ ਦਾਸ ਨੂੰ ਆਰੇ ਨਾਲ ਚੀਰ ਦਿੱਤਾ ਗਿਆ।

ਫਿਰ ਭਾਈ ਦਿਆਲੇ ਨੂੰ ਉਬਲਦੀ ਦੇਗ ਵਿੱਚ ਸੁੱਟ ਦਿੱਤਾ ਗਿਆ।
ਫਿਰ ਸਤੀ ਦਾਸ ਨੂੰ ਰੂੰ ਵਿੱਚ ਲਪੇਟ ਕੇ ਸਾੜ ਦਿੱਤਾ ਗਿਆ।

ਆਪਣੇ ਸਿੱਖਾਂ ਦੀ ਸ਼ਹੀਦੀ ਪਿੱਛੋਂ ਵੀ ਗੁਰੂ ਜੀ ਨੇ ਦਿਲ ਨਾ ਛੱਡਿਆ।
ਅੰਤ ਵਿੱਚ ਗੁਰੂ ਜੀ ਦਾ ਸੀਸ, ਧੜ ਤੋਂ ਵੱਖ ਕਰ ਦਿੱਤਾ ਗਿਆ।

ਇੰਜ ਤਿਲਕ, ਜੰਜੂ ਦੀ ਰਾਖੀ ਲਈ ਗੁਰੂ ਜੀ ਨੇ ਆਪਾ ਵਾਰ ਦਿੱਤਾ।

## ਸ਼ੋਸ਼ਲ ਮੀਡੀਏ ਦੀ ਸਹੀ ਵਰਤੋਂ ਕਰੋ-ਮਾਸਟਰ ਪਰਮਵੇਦ

### ਜਿਹੜੇ ਸਮੇਂ ਦੇ ਨਾਲ ਨਾਲ ਨਹੀਂ ਚਲਦੇ ਉਹ ਜ਼ਿੰਦਗੀ ਦੀ ਦੌੜ ਵਿੱਚ ਪਿੱਛੇ ਰਹਿ ਜਾਂਦੇ ਹਨ ਸ਼ੋਸ਼ਲ ਮੀਡੀਆ



ਵਰਲਡ ਪੰਜਾਬੀ ਟਾਈਮਜ਼ ਮਾਸਟਰ ਪਰਮਵੇਦ

ਪਿਛਲੇ ਡੇਢ ਦੋ ਦਹਾਕੇ ਤੋਂ ਲੋਕਾਂ ਦੇ ਹੱਥਾਂ ਵਿੱਚ ਮੋਬਾਇਲ ਆਉਣ ਨਾਲ ਸ਼ੋਸ਼ਲ ਮੀਡੀਆ ਵਿਹਲੇ ਲੋਕਾਂ ਦਾ ਖਿਡੌਣਾ ਬਣ ਗਿਆ ਹੈ।ਜੇ ਕੋਈ ਵੈਟਸਅਪ, ਫੇਸਬੁਕ ਜਾਂ ਟਵਿੱਟਰ ਦੀ ਵਰਤੋਂ ਨਹੀਂ ਕਰਦਾ ਤਾਂ ਉਸ ਵੱਲ ਇਸ ਤਰਾਂ ਵੇਖਿਆ ਜਾਂਦਾ,ਜਿਵੇਂ ਉਹ ਕੋਈ ਹੋਰ ਗ੍ਰਹਿ ਤੋਂ ਆਇਆ ਹੋਵੇ ਜਾਂ ਗਵਾਰ ਅਨਪੜ੍ਹ ਪੇਂਡੂ ਹੋਵੇ।ਸ਼ੋਸ਼ਲ ਮੀਡੀਆ ਤੇ ਸਵੇਰੇ ਸਵੇਰ ਗਿਆਨ ਵਧਾਉ, ਹੁਕਮਨਾਮੇ ਦੀ ਵਿਆਖਿਆ, ਹੌਂਸਲਾ ਅਫਜ਼ਾਈ ਵਾਲੇ ਚੰਗੇ ਵਿਚਾਰ ਸੁਨੇਹੇ ਆਉਂਦੇ ਹਨ ਪਰ ਦੁਪਹਿਰ ਸਮੇਂ ਡਿਪਰੈਸ਼ਨ ਵਾਲੇ ਤੇ ਰਾਤ ਨੂੰ ਗੰਦ-ਮੰਦ ਸ਼ੁਰੂ ਹੋ ਜਾਂਦਾ ਹੈ।ਪਹਿਲਾਂ ਤੇ ਸਿਰਫ ਨਵੇਂ ਸਾਲ ਨੂੰ ਹੈਪੀ ਨਿਊ ਯੀਅਰ ਕਿਹਾ ਜਾਂਦਾ ਸੀ,ਫਿਰ ਦਿਵਾਲੀ, ਲੋਹੜੀ,ਹੋਲੀ ਤੇ ਹੋਰ ਤਿਉਹਾਰਾਂ ਨੂੰ ਹੁਣ ਤਾਂ ਹਫਤੇ ਦੇ ਹਰ ਵਾਰ ਨੂੰ ਹੈਪੀ ਵਾਰ ਜਿਵੇਂ ਐਤਵਾਰ ਆਦਿ ਲਿਖਿਆ ਜਾਂਦਾ ਹੈ।ਸਭ ਤੋਂ ਜ਼ਿਆਦਾ ‘ਗੁਡ ਮੋਰਨਿੰਗ’ ਦੇ ਸੁਨੇਹੇ ਆਉਂਦੇ ਹਨ ਜੋ ਸਵੇਰ ਤੋਂ ਸ਼ਾਮ ਤੱਕ ਜਾਰੀ ਰਹਿੰਦੇ ਹਨ।ਰਾਸ਼ੀਫਲ,ਹਰ ਦੁੱਖਾਂ /ਸਮੱਸਿਆਵਾਂ ਦਾ ਹੱਲ ਕਰਨ ਦੇ ਦਾਅਵੇ ਤੇ ਅੰਧਵਿਸ਼ਵਾਸੀ ਸੁਨੇਹੇ ਆਉਂਦੇ ਹਨ ਉਨਾਂ ਵਿੱਚ ਲਿਖਿਆ ਹੁੰਦਾ ਹੈ ਕਿ ਇਹ ਮੈਸਜ ਸੌ ਵਿਅਕਤੀਆਂ ਜਾਂ ਦੋ ਤਿੰਨ ਗਰੁੱਪਾਂ ਵਿੱਚ ਭੇਜੋ ਖੁਸ਼ਖਬਰੀ ਮਿਲੇਗੀ ਜੇ ਨਜ਼ਰ ਅੰਦਾਜ਼ ਕਰੋਂਗੇ ਤਾਂ ਤੁਹਾਡਾ ਨੁਕਸਾਨ ਹੋਵੇਗਾ ਇਨ੍ਹਾਂ ਨਾਲ ਝੂਠੀਆਂ ਕਹਾਣੀਆਂ ਬਣਾ ਕੇ ਲਿਖੀਆਂ ਹੁੰਦੀਆਂ।ਜਦ ਉਨਾਂ ਤੋਂ ਪੁੱਛਿਆ ਜਾਂਦਾ ਕਿ ਤੁਹਾਨੂੰ ਕਿਹੜੀ ਖ਼ੁਸਖਬਰੀ ਮਿਲੀ ਜਾਂ ਕਿਸੇ ਦਾ ਕੀ ਨੁਕਸਾਨ ਹੋਇਆ ਤਾਂ ਚੁੱਪ ਹੋ ਜਾਂਦੇ ਹਨ।ਕੁਝ ਲੋਕਾਂ ਦੇ ਫੋਨਾਂ ਦੇ ਉਪਰ ਟਿਉਨ ਤੇ ਲੋਗੋ ਧਾਰਮਿਕ ਸ਼ਖਸੀਅਤਾਂ ਦੇ ਹੋਣਗੇ ਤੇ ਫੋਨ ਵਿੱਚ ਅਸ਼ਲੀਲ ਵੀਡੀਉ ਤੇ ਮਾੜੀ ਭਾਸ਼ਾ ਵਾਲੀਆਂ ਪੋਸਟਾਂ ਹੋਣਗੀਆਂ।ਕਈ ਚੰਗੇ ਭਲੇ ਬੱਚਿਆਂ ਦੀਆਂ ਫੋਟੋਆਂ ਪਾ ਕੇ ਆਖਣਗੇ ਇਹ ਲਾਵਾਰਸ ਬੱਚਾ ਹੈ ਇਸ ਨੰਬਰ ਤੇ ਫੋਨ ਕਰੋ, ਪਹਿਲੀ ਗੱਲ ਨੰਬਰ ਗਲਤ ਹੁੰਦਾ ਜਾਂ ਅੱਗੋਂ ਅੱਕੇ ਵਿਅਕਤੀ ਵੱਲੋਂ ਗਾਲਾਂ ਦਾ ਮੀਂਹ ਵਰ੍ਹਦਾ ਹੈ।ਹਰ ਕੋਈ ਐਨਾਂ ਸੋਹਣਾ ਨਹੀਂ ਹੁੰਦਾ ਜਿੰਨਾ ਫੇਸਬੁਕ ਦੀ ਪ੍ਰੋਫਾਈਲ ਤੇ, ਫੋਟੋ ਪਾ ਕੇ ਦੋਸਤਾਂ ਨੂੰ ਜਾਂ ਆਪ ਹੀ ਲਾਈਕ ਕਰਕੇ ਗਿਣਤੀ ਕਰੀ ਜਾਣਗੇ।ਕਿਸੇ ਲੀਡਰ ਜਾਂ ਅਫ਼ਸਰ ਨਾਲ ਨੱਥੀ ਫੋਟੋ ਵੀ ਪਾ ਕੇ ਲਾਈਕ ਗਿਣਨ ਲੱਗ ਪੈਣਗੇ।ਸੈਲਫੀ ਦਾ ਟਰੈਂਡ ਚਲਿਆ ਹੈ ਦੇਸ਼ ਦੇ ਪੀ ਐਮ ਨੂੰ ਵੀ ਸੈਲਫੀ ਲੈਣ ਦਾ ਬਹੁਤ ਸ਼ੌਂਕ ਹੈ।ਲੋਕ ਹਾਦਸੇ ਜਾਂ ਕਿਸੇ ਦੁਰਘਟਨਾ ਸਮੇਂ ਮੱਦਦ ਤਾਂ ਕੀ ਕਰਨੀ ਸੈਲਫੀ ਜਾਂ ਫੋਟੋ ਮੋਬਾਈਲ ਰਾਹੀਂ ਖਿੱਚ ਕੇ ਫੇਸ ਬੁਕ ਜਾਂ ਵੈਟਸਅਪ ਤੇ ਪਾਈ ਜਾਣਗੇ।ਹੁਣ ਤਕ ਦੇਸ਼ ’ਚ ਹਜ਼ਾਰਾਂ ਤੋਂ ਵੱਧ ਮੌਤਾਂ ਸੈਲਫੀ ਲੈਣ ਨਾਲ ਹੋ ਚੁੱਕੀਆਂ ਹਨ। 1100 ਰੁ ਵਾਲੇ ਨੋਕੀਆ ਮੋਬਾਈਲ ਤੇ ਸੱਪਾਂ ਵਾਲੀ ਖੇਡ ਖੇਡਣ ਵਾਲੇ ਹੱਥਾਂ ਵਿਚ ਵਧੀਆ ਤੋਂ ਵਧੀਆ ਐਪਲ ਵਰਗੇ ਫੋਨ ਆ ਗਏ ਹਨ ਪਰ ਲੱਛਣ ਪੁਰਾਣੇ ਹਨ।ਨੌਜਵਾਨ ਪੀੜ੍ਹੀ ਤੇ ਆਮ ਜਨਤਾ ਜ਼ਿਆਦਾ ਹੀ ਗੇਮਾਂ ਖੇਡਣ ਵਿੱਚ ਰੁੱਝੀ ਰਹਿੰਦੇ ਹਨ ਜੋ ਆਪਣਾ ਸਮਾਂ ਤਾਂ ਬਰਬਾਦ ਕਰਦੇ ਹਨ, ਅੱਖਾਂ ਦੀ ਨਜ਼ਰ ਵੀ ਘੱਟਦੀ ਹੈ ਉਥੇ ਪਰਿਵਾਰ ਵਿੱਚ ਇਕੱਲਾਪਣ ਵੱਧਦਾ ਹੈ ਗੱਲ ਬਾਤ ਸਾਂਝੀ ਨਾ ਹੋਣ ਤੇ ਘਰ ਦੇ ਮਸਲਿਆਂ ਵੱਲ ਧਿਆਨ ਨਹੀਂ ਦਿੰਦੇ।ਕਈ ਕੰਨਾਂ ਵਿੱਚ ਹਰ ਸਮੇਂ ਈਅਰਫੋਨ ਲਾ ਰੱਖਦੇ ਹਨ ਜਿਸ ਨਾਲ ਜਿਥੇ ਕੰਨਾਂ ਦੀ ਸੁਣਨ ਸ਼ਕਤੀ ਕਮਜ਼ੋਰ ਹੁੰਦੀ ਹੈ ਉੱਥੇ ਕਿਸੇ ਦੀ ਗੱਲ ਵੀ ਨਹੀਂ ਸੁਣਦੇ।ਇਸ ਤਰ੍ਹਾਂ ਕੰਨ ਵਿੱਚ ਈਅਰ ਫੋਨ ਲਾ ਕੇ ਤੁਰਨ ਜਾਂ ਵਹੀਕਲ ਚਲਾਉਣ ਨਾਲ ਕਈ ਐਕਸੀਡੈਂਟ ਹੋ ਚੁੱਕੇ ਹਨ। ਪ੍ਰਿੰਟ ਤੇ ਇਲੈਕਟ੍ਰੋਨਿਕ ਮੀਡੀਆ ਉਪਰ ਹਾਕਮ ਸਰਕਾਰਾਂ ਦਾ ਬੋਲ ਬਾਲਾ ਹੈ ਵਿਰੋਧੀ ਧਿਰ ਦੀ ਖਬਰ ਨਹੀਂ ਆਉਂਦੀ, ਉਥੇ ਵੈਟਸਅਪ ਤੇ ਫੇਸਬੁਕ ਲੋਕਾਂ ਨੂੰ ਸਚਾਈ ਦਸ ਕੇ ਅਹਿਮ ਰੋਲ ਨਿਭਾ ਰਹੀ ਹੈ।ਕੁਝ ਸ਼ਰਾਰਤੀ ਲੋਕਾਂ ਵੱਲੋਂ ਮੀਡੀਏ ਦੀ ਦੁਰਵਰਤੋਂ ਕਰਕੇ ਦੰਗੇ ਤੇ ਧਾਰਮਿਕ ਭਾਵਨਾਵਾਂ ਭੜਕਾਉਣ, ਅਸ਼ਲੀਲਤਾ ਫੈਲਾਉਣ ਤੇ ਇਕ ਦੂਜੇ ਨੂੰ ਕੰਮਪਿਉਟਰਾਈਜਡ ਫੋਟੋਆਂ ਬਣਾ ਕੇ ਬਦਨਾਮ ਕੀਤਾ ਜਾ ਰਿਹਾ ਹੈ।ਫਿਲਮੀ ਕੈਮਰਿਆਂ ਰਾਹੀਂ ਬਣੇ ਚਮਤਕਾਰੀ ਸੀਨਾਂ ਨੂੰ ਅੰਧਵਿਸ਼ਵਾਸ ਫੈਲਾਉਣ ਲਈ ਵਰਤਿਆ ਜਾਂਦਾ ਹੈ।ਹਨੇਰੇ ਵਿੱਚ ਲਗਾਤਾਰ ਮੋਬਾਇਲ ਵੇਖਣਾ ਨਿਗਾਹ ਲਈ ਤੇ ਲੰਬੀ ਗੱਲਬਾਤ ਕਰਨਾ ਕੰਨਾਂ ਲਈ ਖ਼ਤਰਨਾਕ ਹੈ।ਅੱਜ ਕੱਲ ਇਕ ਹੋਰ ਖਤਰਨਾਕ ਰੁਝਾਨ ਹੈ ਸ਼ੋਸਲ ਮੀਡੀਏ ਤੇ ਝੂਠੀਆਂ ਖਬਰਾਂ ਪਾਉਣ ਦਾ ਤੇ ਲੋਕਾਂ ਨੂੰ ਬੇਵਕੂਫ ਬਨਾਉਣ ਦਾ। ਜਾਣਬੁੱਝ ਕੇ ਸੋਚੀ ਸਮਝੀ ਸਾਜ਼ਿਸ਼ ਤਹਿਤ ਝੂਠੀਆਂ ਖਬਰਾਂ ਜਾ ਪੋਸਟਾਂ ਸਿਰਫ ਵਿਊ ਲੈਣ ਲਈ ਪਾਈਆਂ ਜਾਂਦੀਆਂ ਹਨ। ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਵੀ ਦਿਨੋ ਦਿਨ ਵਰਤੋ ਵੱਧ ਰਹੀ ਹੈ।

ਕਿਸੇ ਵੀ ਪੋਸਟ ਨੂੰ ਭੇਜਣ ਤੋਂ ਪਹਿਲਾਂ ਪੜ੍ਹੋ,ਸੋਚੋ ਅਤੇ ਵਿਚਾਰੋ ਕੀ ਇਸ ਨਾਲ ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਤੇ ਨਹੀਂ ਪਹੁੰਚਦੀ, ਅੱਜ ਕੱਲ੍ਹ ਐਵੇਂ ਲੋਕ, ਬਾਤ ਦਾ ਬਤੰਗੜ ਬਣਾ ਲੈਂਦੇ ਹਨ ਅਤੇ ਹਰ ਗੱਲ ਨੂੰ ਧਾਰਮਿਕਤਾ ਨਾਲ ਜੋੜ ਕੇ ਕੁੱਝ ਲੋਕਾਂ ਨੂੰ ਜਾਂ ਕਿਸੇ ਫਿਰਕੇ ਨੂੰ ਭੜਕਾ ਕੇ ਮਜ਼ਾ ਲੈਂਦੇ ਹਨ। ਇਹ ਵੀ ਖਿਆਲ ਰੱਖੋ ਕਿ ਕਿਸੇ ਬਿਨਾਂ ਸੋਚੇ ਸਮਝੇ ਭੇਜੇ ਮੈਸਿਜ ਨਾਲ ਤੁਹਾਡੀ ਸ਼ਖ਼ਸੀਅਤ ਦਾ ਪ੍ਰਭਾਵ ਗਲਤ ਤਾਂ ਨਹੀਂ ਜਾ ਰਿਹਾ ਤੇ ਤੁਹਾਡੀ ਸ਼ਬਦਾਵਲੀ ਵੀ ਹਮੇਸ਼ਾਂ ਪਰਿਵਾਰ ਵਿੱਚ ਪੜ੍ਹਨਯੋਗ ਹੋਣੀ ਚਾਹੀਦੀ ਹੈ। ਬਾਕੀ ਤੁਸੀਂ ਆਪ ਸਿਆਣੇ ਹੋਂ, ਸਿਆਣਪ ਤੋਂ ਕੰਮ ਲਵੋ।ਇਹ ਵੀ ਸਚਾਈ ਹੈ ਕਿ ਜਿਹੜੇ ਸਮੇਂ ਦੇ ਨਾਲ ਨਾਲ ਨਹੀਂ ਚਲਦੇ,ਉਹ ਜ਼ਿੰਦਗੀ ਦੀ ਦੌੜ ਵਿੱਚ ਪਿੱਛੇ ਰਹਿ ਜਾਂਦੇ ਹਨ।

## 23 ਸਤੰਬਰ ਬਾਬਾ ਸ਼ੇਖ ਫਰੀਦ ਜੀ ਦੇ ਆਗਮਨ ਪੁਰਬ 'ਤੇ ਵਿਸ਼ੇਸ਼



ਬਾਬਾ ਸ਼ੇਖ ਫਰੀਦ ਸ਼ੱਕਰਗੰਜ਼ ਜੀ ਸੂਫ਼ੀ ਕਾਵਿ ਦੇ ਪ੍ਰਥਮ ਮਹਾਨ ਕਵੀ ਹੋਏ ਸਨ ਜਿੰਨ੍ਹਾਂ ਨੇ ਆਪਣੀ ਰੂਹਾਨੀਅਤ ਦੀ ਬਾਣੀ ਸੂਫ਼ੀ ਰੰਗ ਵਿੱਚ ਲਿਖ ਕੇ ਹਰ ਇੱਕ ਪ੍ਰਾਣੀ ਦੀ ਜ਼ੁਬਾਨ ਤੇ ਚੜ੍ਹ ਕੇ ਉਹਨਾਂ ਦੀ ਲਿਖੀ ਹੋਈ ਬਾਣੀ ਏਨੀ ਸਰਲ ਅਤੇ ਸਪੱਸ਼ਟ ਹੈ ਕਿ ਇਹਨਾਂ ਦੀ ਬਾਣੀ ਨੂੰ ਪੜ੍ਹਨ ਅਤੇ ਸੁਣਨ ਲਈ ਕੋਈ ਮੁਸ਼ਕਲ ਪੇਸ਼ ਨਹੀਂ ਆਉਂਦੀ ਤੇ ਉਹਨਾਂ ਦੇ ਲਿਖੇ ਸਲੋਕਾਂ ਦੇ ਅਰਥ ਆਪਣੇ ਆਪ ਹੀ ਪ੍ਰਾਣੀ ਨੂੰ ਸਮਝ ਆ ਜਾਂਦੇ ਹਨ।

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਬਾਬਾ ਫਰੀਦ ਜੀ ਦੇ 112 ਸਲੋਕ ਅਤੇ 4 ਸ਼ਬਦ ਦਰਜ ਹਨ। ਉਹਨਾਂ ਦੀ ਬਾਣੀ ਹਮੇਸ਼ਾ ਹੀ ਮਨੁੱਖ ਨੂੰ ਕਰਮ ਕਾਂਡਾਂ ਤੋਂ ਪਾਸੇ ਰਹਿਣ ਦਾ ਉਪਦੇਸ਼ ਦਿੰਦੀ ਹੈ। ਉਹ ਭਗਤਾਂ ਨੂੰ ਉਪਦੇਸ਼ ਕਰਦਿਆਂ ਹਮੇਸ਼ਾਂ ਕਹਿੰਦੇ ਸਨ ਕਿ ਪ੍ਰਮਾਤਮਾ ਨੂੰ ਭਾਲਣ ਲਈ ਘਰ ਬਾਰ ਛੱਡ ਕੇ ਜੰਗਲਾਂ, ਪਹਾੜਾਂ, ਉਜਾੜਾਂ, ਬੀਆਬਾਨਾਂ ਵਿੱਚ ਭਟਕਣ ਦੀ ਲੋੜ ਨਹੀਂ, ਪ੍ਰਮਾਤਮਾ ਤਾਂ ਤੇਰੇ ਹਿਰਦੇ ਵਿੱਚ ਵੱਸਦਾ ਹੈ, ਬੱਸ ਇੱਕ ਸਾਧਨਾਂ ਦੀ ਲੋੜ ਹੈ। ਜਿਸ ਕਰਕੇ ਉਹਨਾਂ ਪ੍ਰਭੂ ਭਗਤੀ ਨੂੰ ਹੀ ਪਹਿਲ ਦਿੱਤੀ।

ਵਰਲਡ ਪੰਜਾਬੀ ਟਾਈਮਜ਼
ਧਰਮ ਪ੍ਰਵਾਨਾ

"ਫਰੀਦਾ ਜੰਗਲ ਜੰਗਲ ਕਿਆ ਭਵਹਿ ਵਣਿ ਕੰਡਾ ਮੋੜੇਹਿ॥
ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ॥"

ਉਹਨਾਂ ਨੇ ਇਹ ਉਪਦੇਸ਼ ਦੇਣ ਤੋਂ ਪਹਿਲਾਂ ਇਸ ਦਾ ਸਿੱਟਾ ਕੱਢਿਆ ਸੀ ਕਿ ਪ੍ਰਮਾਤਮਾ ਮਨੁੱਖ ਦੇ ਹਿਰਦੇ ਵਿੱਚ ਵੱਸਦਾ ਹੈ ਕਿਉਂਕਿ ਉਹਨਾਂ ਨੇ ਪਹਿਲਾਂ ਆਪ ਜੰਗਲਾਂ ਵਿੱਚ ਰਹਿ ਕੇ ਭਗਤੀ ਕੀਤੀ ਸੀ ਪਰ ਨਤੀਜਾ ਨਾ ਪੱਖੀ ਹੀ ਸੀ।

ਬਾਬਾ ਫਰੀਦ ਜੀ ਜਦ ਜੰਗਲਾਂ ਵਿੱਚ ਭਗਤੀ ਕਰ ਵਾਪਸ ਆ ਰਹੇ ਸਨ ਤਾਂ ਉਹ ਇੱਕ ਥਾਂ ਅਰਾਮ ਕਰਨ ਲਈ ਰੁਕੇ ਤਾਂ ਉੱਥੇ ਚਿੜੀਆਂ ਰੌਲਾ ਪਾ ਰਹੀਆਂ ਸਨ, ਜਿਹੜੀਆਂ ਕਿ ਬਾਬਾ ਫ਼ਰੀਦ ਜੀ ਦੀ ਨੀਂਦ ਵਿੱਚ ਵਿਘਨ ਪਾ ਰਹੀਆਂ ਸਨ ਤਾਂ ਉਹਨਾਂ ਸੁਤੇ ਸਿੱਧ ਹੀ ਕਹਿ ਦਿੱਤਾ ਕਿ, 'ਮਰ ਜਾਵੋ ਚਿੜੀਓ' ਤਾਂ ਉਸ ਸਮੇਂ ਸਾਰੀਆਂ ਚਿੜੀਆਂ ਹੀ ਮਰ ਗਈਆਂ ਸਨ ਤਾਂ ਬਾਬਾ ਜੀ ਨੂੰ ਬੜਾ ਹੀ ਅਫਸੋਸ ਹੋਇਆ ਤੇ ਕਿਹਾ ਕਿ, 'ਜੀ ਪਵੋ ਚਿੜੀਓ' ਤਾਂ ਚਿੜੀਆਂ ਇੱਕ ਦਮ ਉੱਠ ਕੇ ਚਹਿਕਾਉਣ ਲੱਗ ਪਈਆਂ ਤਾਂ ਬਾਬਾ ਜੀ ਆਪਣੇ ਰਸਤੇ ਅੱਗੇ ਚੱਲ ਪਏ ਤਾਂ ਉਹਨਾਂ ਦਾ ਪਿਆਸ ਨਾਲ ਬੁਰਾ ਹਾਲ ਹੋਣ ਲੱਗਾ ਤਾਂ ਸਾਹਮਣੇ ਇੱਕ ਖੂਹ ਨਜ਼ਰ ਆਇਆ ਤਾਂ ਬਾਬਾ ਜੀ ਉਸ ਖੂਹ ਦੇ ਕੋਲ ਗਏ ਜਿੱਥੇ ਕਿ ਇੱਕ ਔਰਤ ਖੂਹ 'ਚ ਪਾਣੀ ਦੀਆਂ ਬਾਲਟੀਆਂ ਭਰ ਭਰ ਕੇ ਡੋਲ ਰਹੀ ਸੀ। ਬਾਬਾ ਜੀ ਨੇ ਉਸ ਔਰਤ ਨੂੰ ਪਾਣੀ ਪਿਲਾਉਣ ਲਈ ਕਿਹਾ ਤਾਂ ਉਹ ਬਾਬਾ ਜੀ ਦੀ ਗੱਲ ਅਣਸੁਣੀ ਕਰ ਪਾਣੀ ਡੋਲਣ ਵਿੱਚ ਮਸਤ ਰਹੀ ਤਾਂ ਬਾਬਾ ਜੀ ਨੇ ਫਿਰ ਅਰਜ ਕੀਤੀ ਤਾਂ ਉਸ ਨੇ ਬਾਬਾ ਜੀ ਨੂੰ ਕਰਾਰਾ ਜਵਾਬ ਦਿੰਦਿਆਂ ਕਿਹਾ ਕਿ, 'ਮੈਂ ਕੋਈ ਚਿੜੀ ਨਹੀਂ, ਜਿਹੜੀ ਤੇਰੇ ਸ਼ਰਾਪ ਤੋਂ ਡਰ ਜਾਵਾਂਗੀ। ਮੇਰੀ ਸਕੀ ਭੈਣ ਦੇ ਘਰ ਅੱਗ ਲੱਗੀ ਹੋਈ ਹੈ, ਪਹਿਲਾਂ ਮੈਂ ਉਸ ਨੂੰ ਬੁਝਾ ਲਵਾਂ ਫੇਰ ਮੈਂ ਤੇਰੀ ਪਿਆਸ ਬੁਝਾ ਦੇਵਾਂਗੀ।' ਤਾਂ ਬਾਬਾ ਜੀ ਮਨ ਵਿੱਚ ਬੜੇ ਹੀ ਹੈਰਾਨ ਹੋਏ ਕਿ ਏਸ ਨੂੰ ਕਿਵੇਂ ਪਤਾ ਚੱਲ ਗਿਆ। ਤਾਂ ਬੀਬੀ ਰੰਗਰਤੜੀ ਬਾਬਾ ਜੀ ਦੇ ਚਿਹਰੇ ਨੂੰ ਭਾਂਪਦਿਆਂ ਬੋਲੀ ਕਿ ਜੰਗਲਾਂ ਵਿੱਚ ਰਹਿ ਕੇ ਭਗਤੀ ਨਹੀਂ ਹੁੰਦੀ, ਜੇਕਰ ਭਗਤੀ ਕਰਨੀ ਹੀ ਹੈ ਤਾਂ ਘਰ ਵਿੱਚ ਰਹਿ ਕੇ ਹੀ ਕਰ। ਤਾਂ ਬਾਬਾ ਜੀ ਨੇ ਪੁੱਛਿਆ ਕਿ ਤੁਹਾਡੇ ਰੂਹਾਨੀਅਤ ਦੇ ਗੁਰੂ ਕੌਣ ਹਨ ਤਾਂ ਬੀਬੀ ਬੋਲੀ ਕਿ ਮੇਰੇ ਪਤੀ ਹੀ ਮੇਰੇ ਰੂਹਾਨੀਅਤ ਦੇ ਗੁਰੂ ਹਨ। ਬਾਬਾ ਜੀ ਨੂੰ ਆਪਣੀ ਜੰਗਲਾਂ ਵਿੱਚ ਰਹਿ ਕੇ ਕੀਤੀ ਬੰਦਗੀ ਵਿਅਰਥ ਹੀ ਜਾਪਣ ਲੱਗੀ।

ਹਰ ਇੱਕ ਇਤਿਹਾਸਕਾਰ ਨੇ ਬਾਬਾ ਜੀ ਜੀ ਦੇ ਜੀਵਨ ਸੰਬੰਧੀ ਵੱਖ-ਵੱਖ ਲਿਖਿਆ ਹੈ। ਕੁਝ ਕਹਿੰਦੇ ਨੇ ਕਿ ਉਹਨਾਂ ਨੇ ਬਾਅਦ ਵਿੱਚ ਗੁਰੂ ਧਾਰਨ ਕੀਤਾ ਤੇ ਘਰ ਵਿੱਚ ਹੀ ਭਗਤੀ ਕੀਤੀ। ਕੁਝ ਕਹਿੰਦੇ ਨੇ ਕਿ ਇਹਨਾਂ ਨੇ ਪਹਿਲਾਂ ਹੀ ਆਪਣਾ ਗੁਰੂ ਹਜ਼ਰਤ ਕੁਤਬਦੀਨ ਬਖਤਿਆਰ ਕਾਕੀ ਜੀ ਨੂੰ ਧਾਰਨ ਕੀਤਾ ਸੀ।

ਸੋ, ਬਾਬਾ ਜੀ ਨੇ ਹਮੇਸ਼ਾ ਨਿਰਮਤਾ ਦਾ ਹੀ ਸੰਦੇਸ਼ ਦਿੱਤਾ ਤਾਂ ਹੀ ਇਹ ਲਿਖਦੇ ਹਨ ਕਿ

"ਫਰੀਦਾ ਜੋ ਤੇ ਮਾਰਿਨ ਮੁਕੀਐ, ਤਿਨਾਂ ਨਾ ਮਾਰੇ ਘੁੰਮਿ
ਆਪੁਨੜੇ ਘਰਿ ਜਾਇਕ ਪੈਰ ਤਿਨਾਂ ਦੇ ਚੁੰਮਿ।।"

ਬਾਬਾ ਫਰੀਦ ਜੀ ਪ੍ਰਭੂ ਪ੍ਰਮਾਤਮਾ ਦੀ ਭਗਤੀ ਨੂੰ ਉਹ ਸਭ ਰਸਾਂ ਤੋਂ ਉੱਪਰਲੇ ਰਸਾਂ ਵਿੱਚੋਂ ਇੱਕ ਗਿਣਦੇ ਹੋਏ ਕਹਿੰਦੇ ਹਨ, ਸ਼ਹਿਦ, ਸ਼ੱਕਰ, ਖੰਡ ਜਾਵੇ ਕਿ ਬਹੁਤ ਹੀ ਜਿਆਦਾ ਮਿੱਠੇ ਹੁੰਦੇ ਹਨ ਪਰ ਪ੍ਰਮਾਤਮਾ ਹੀ ਦੇ ਨਾਮ ਦਾ ਰਸ ਏਸ ਦੁਨਿਆਵੀ ਪਦਾਰਥਾਂ ਤੋਂ ਕਿਤੇ ਜ਼ਿਆਦਾ ਮਿੱਠਾ ਹੈ।

ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਓਂ ਮਾਂਝਾ ਦੁਧੁ।।
ਸਮੇਂ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ।।

ਉਹਨਾਂ ਨੇ ਦੁਨੀਆਂ ਨੂੰ ਸਮਝਾਉਂਦੇ ਹੋਏ ਕਿ ਅਗਰ ਤੁਸੀਂ ਦੋਹਾਂ ਜਹਾਨਾਂ ਦੇ ਸੁੱਖ ਅਤੇ ਨਜ਼ਾਰੇ ਲੈਣੇ ਚਾਹੁੰਦੇ ਹੋ ਤਾਂ ਅੱਲ੍ਹਾ ਦੀ ਬੰਦਗੀ ਹਰ ਰੋਜ ਕਰਿਆ ਕਰੋ, ਜਿਹੜੇ ਪ੍ਰਮਾਤਮਾ ਦੀ ਬੰਦਗੀ ਨਹੀਂ ਕਰਦੇ, ਉਹ ਮੁਰਦਿਆਂ ਸਮਾਨ ਹੁੰਦੇ ਹਨ, ਪ੍ਰਭੂ, ਅੱਲਾ ਦੀ ਬੰਦਗੀ ਕਰਨ ਵਾਲੇ ਮਾਲਿਕ ਦੇ ਪਿਆਰੇ ਹੁੰਦੇ ਹਨ। ਉਹ ਫਰਮਾਉਂਦੇ ਹਨ ਕਿ ਰਾਤ ਵੇਲਾ ਭਾਵ ਰਾਤ ਦਾ ਪਿਛਲਾ ਪਹਿਰ ਅੰਮ੍ਰਿਤ ਵੇਲਾ ਸਿਮਰਨ ਕਰਨ ਲਈ ਸਭ ਤੋਂ ਵਧੀਆ ਵਕਤ ਹੈ, ਇਸ ਸਮੇਂ ਪ੍ਰਮਾਤਮਾ ਆਪਣੇ ਭਗਤਾਂ ਨੂੰ ਕਸਤੂਰੀ ਵੰਡ ਰਿਹਾ ਹੁੰਦਾ ਹੈ ਜਿਹੜੇ ਪ੍ਰਾਣੀ ਅੱਲ੍ਹਾ ਦੀ ਬੰਦਗੀ,ਇਬਾਦਤ ਨਹੀਂ ਕਰਦੇ ਉਹ ਸੁੱਤੇ ਹੀ ਰਹਿ ਜਾਂਦੇ ਹਨ ਤੇ ਉਹਨਾਂ ਨੂੰ ਇਹ ਕਸਤੂਰੀ ਨਹੀਂ ਮਿਲਦੀ ਹੈ।

ਫਰੀਦਾ ਪਿਛਲ ਰਾਤਿ ਨਾ ਜਾਗਿਓਹਿ ਜੀਵਦੜੋ ਮੁਇਓਹਿ।
ਜੇ ਤੇ ਰਬੁ ਵਿਸਾਰਿਆ ਤ ਰਬਿ ਨ ਵਿਸਰਿਓਹਿ ॥

ਉਹਨਾਂ ਨੇ ਆਪਣੀ ਬਾਣੀ ਵਿੱਚ ਹਮੇਸ਼ਾ ਨਿਮਰਤਾ ਨਾਲ ਰਹਿਣ ਦਾ ਢੰਗ ਦੱਸਿਆ ਹੈ ਕਿ ਰੱਬ ਨੂੰ ਪਾਉਣ ਲਈ ਕੋਈ ਹੁਸ਼ਿਆਰੀ, ਮਕਾਰ, ਝੂਠ ਫਰੇਬ ਨਹੀਂ ਚੱਲਦਾ, ਏਥੇ ਤਾਂ ਆਪਣੀ ਸ਼ਾਨ ਨੂੰ ਮਿੱਟੀ ਵਿੱਚ ਮਿਲਾਉਣਾ ਪੈਂਦਾ ਹੈ, ਉਹ ਭਗਤਾਂ ਨੂੰ ਉਪਦੇਸ਼ ਕਰਦੇ ਹੋਏ ਕਹਿੰਦੇ ਹਨ ਕਿ ਜੇਕਰ ਤੂੰ ਚਤਰ ਸਿਆਣਾ ਹੈ ਤਾਂ ਕਦੇ ਆਪਣੇ ਅੰਦਰ ਝਾਤੀ ਮਾਰ ਕੇ ਵੀ ਦੇਖ ਕਿ ਤੂੰ ਕੀ ਕਰ ਰਿਹਾ ਹੈ, ਦੁਨਿਆਵੀ ਪਦਾਰਥਾਂ ਵਿੱਚ ਲੁਪਤ ਹੋ ਕੇ ਤੂੰ ਪ੍ਰਮਾਤਮਾ ਦੀ ਬੰਦਗੀ ਨੂੰ ਵਿਸਾਰ ਕੇ ਕਿੰਨਾ ਨੁਕਸਾਨ ਉਠਾ ਰਿਹਾ ਹੈ, ਤਾਂ ਲਿਖਦੇ ਹਨ ਕਿ

ਫਰੀਦਾ ਜੇ ਤੂ ਅਕਲਿ ਲਤੀਫ, ਕਾਲੇ ਲਿਖ ਨਾ ਲੇਖ।
ਆਪਨੜੇ ਗਿਰੀਵਾਨ ਮਹਿ ਸਿਰ ਨੀਵਾਂ ਕਰ ਦੇਖ।।

ਉਹਨਾਂ ਆਪਣੇ ਭਗਤਾਂ ਨੂੰ ਹਮੇਸ਼ਾ ਅੱਲ੍ਹਾ ਦੀ ਬੰਦਗੀ ਕਰਦਿਆਂ ਹੋਇਆਂ ਨੀਵਾਂ ਰਹਿ ਕੇ ਹੀ ਜਿਉਣਾ ਦੱਸਿਆ ਨਾ ਕਿ ਹੰਕਾਰ ਵਿੱਚ। ਉਹਨਾਂ ਕਿਹਾ ਕਿ ਜਿਹੜੇ ਵਿਅਕਤੀ ਏਸ ਸੰਸਾਰ ਵਿੱਚ ਆਉਂਦੇ ਹਨ, ਉਹ ਅਗਰ ਨਿਮਰਤਾ ਨਾਲ ਜਗਤ ਵਿੱਚ ਰਹਿੰਦੇ ਹਨ ਤਾਂ ਕੁਝ ਖੱਟ ਕੇ ਚਲੇ ਜਾਂਦੇ ਹਨ, ਜਿਹੜੇ ਮਨੁੱਖ ਆਕੜ ਵਿੱਚ ਰਹਿੰਦੇ ਹਨ, ਉਹ ਦੁਨੀਆਂ ਤੋਂ ਸਭ ਕੁਝ ਗਵਾ ਕੇ ਤੁਰ ਜਾਂਦੇ ਹਨ। ਉਹਨਾਂ ਦੇ ਥੱਲੇ ਸਿਵਾਏ ਆਕੜ ਤੋਂ ਕੁਝ ਨਹੀਂ ਹੁੰਦਾ। ਉਹਨਾਂ ਜੀਵਾਂ ਨੂੰ ਇੱਥੇ ਵੀ ਧੱਕੇ ਪੈਂਦੇ ਨੇ ਤੇ ਅੱਗੇ ਦਰਗਾਹ ਵਿੱਚ ਵੀ ਧੱਕ ਹੀ ਪੈਂਦੇ ਹਨ। ਇਸ ਲਈ ਭਗਤਾਂ ਨੂੰ ਕਹਿੰਦੇ ਹਨ ਕਿ ਅਗਰ ਕੋਈ ਮਨੁੱਖ ਤੁਹਾਨੂੰ ਥੋੜੇ ਸ਼ਬਦ ਬੋਲਦਾ ਹੈ ਤਾਂ ਉਸ ਮਨੁੱਖ ਦਾ ਗੁੱਸਾ ਨਾ ਕਰੋ ਤੇ ਅੱਗਿਓਂ ਉਸ ਮਨੁੱਖ ਨਾਲ ਪ੍ਰੇਮ ਪਿਆਰ ਨਾਲ ਪੇਸ਼ ਆਵੇ ਤੇ ਉਸ ਦਾ ਪੂਰਾ ਪੂਰਾ ਸਤਿਕਾਰ ਕਰੋ।

"ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨਾ ਹੰਢਾਇ।
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥"

ਸੋ, ਬਾਬਾ ਜੀ ਨੇ ਆਪਣੀ ਬਾਣੀ ਵਿੱਚ ਹਮੇਸ਼ਾ ਹੀ ਆਪਣੇ ਸੇਵਕਾਂ ਦੇ ਨਿਮਰਤਾ, ਪ੍ਰਭੂ (ਅੱਲ੍ਹਾ) ਭਗਤੀ ਦੇ ਗਹਿਣੇ ਪਹਿਨਾਏ ਸਨ। ਉਹਨਾਂ ਨੇ ਦੁਨੀਆਂ ਨੂੰ ਸੱਚ ਦਾ ਰਾਹ ਦਿਖਾਉਣ ਲਈ ਚਾਰੇ ਦਿਸ਼ਾਵਾਂ ਦੀਆਂ ਯਾਤਰਾਵਾਂ ਕੀਤੀਆਂ ਸਨ।ਆਪ ਜੀ ਦਿੱਲੀ ਤੋਂ ਪਾਕਿ ਪਟਨ ਜਾਂਦਿਆਂ ਮੋਕੁਲਹਰ (ਫਰੀਦਕੋਟ) ਵਿਖੇ 23 ਸਤੰਬਰ 1215 ਨੂੰ ਫਰੀਦਕੋਟ ਵਿਖੇ ਪਹੁੰਚੇ ਸਨ ਤਾਂ ਉੱਥੋਂ ਮੋਕੁਲਹਰ ਦਾ ਰਾਜਾ ਮੋਕਲਸੀ ਕਿਲੇ ਦੀ ਉਸਾਰੀ ਕਰਵਾ ਰਿਹਾ ਸੀ ਤਾਂ ਉੱਥੇ ਰਾਜੇ ਵੱਲੋਂ ਕਈਆਂ ਨੂੰ ਵੰਗਾਰ ਵਿੱਚ ਫੜ ਕੇ ਲਾਇਆ ਹੋਇਆ ਸੀ ਤਾਂ ਉਹਨਾਂ ਬਾਬਾ ਜੀ ਨੂੰ ਵੀ ਇੱਕ ਆਮ ਇਨਸਾਨ ਸਮਝਦਿਆਂ ਜਬਰਦਸਤੀ ਫੜ ਕੇ ਵੰਗਾਰ ਵਿੱਚ ਲਾ ਲਿਆ ਜਦ ਉੱਥੇ ਲੋਕਾਂ ਨੇ ਦੇਖਿਆ ਕਿ ਬਾਬਾ ਜੀ ਦੇ ਸਿਰ 'ਤੇ ਟੋਕਰੀ ਨਹੀਂ ਟਿਕ ਰਹੀ ਸੀ ਅਤੇ ਇੱਥੇ ਇਤਿਹਾਸਕਾਰ ਦੱਸਦੇ ਹਨ ਕਿ ਉਹ ਗਾਰੇ ਵਾਲੇ ਟੋਕਰੀ ਸਵਾ ਹੱਥ ਉੱਚੀ ਬਾਬਾ ਜੀ ਦੇ ਸਿਰ ਤੋਂ ਹਵਾ ਵਿੱਚ ਹੀ ਤੈਰ ਰਹੀ ਸੀ। ਜਦ ਏਸ ਗੱਲ ਦਾ ਰਾਜਾ ਮੋਕਲਸੀ ਨੂੰ ਪਤਾ ਚੱਲਿਆ ਤਾਂ ਉਹਨਾਂ ਆਪਣੀ ਭੁੱਲ ਬਖਸ਼ਾਈ ਤਾਂ ਬਾਬਾ ਜੀ ਨੇ ਏਸ ਨੂੰ ਮੁਆਫ਼ ਕਰਦਿਆਂ ਕਿਹਾ ਕਿ ਜਬਰ ਜੁਲਮ ਨਾ ਕਰ ਹਰ ਪਾਣੀ ਵਿੱਚ ਅੱਲ੍ਹਾ ਦਾ ਵਾਸਾ ਹੈ। ਇਹਨਾਂ ਮਜ਼ਦੂਰਾਂ ਨੂੰ ਮਜ਼ਦੂਰੀ ਬਦਲੇ ਮਜ਼ਦੂਰੀ ਦੇ। ਰਾਜਾ ਮੋਕਲਹਰ ਨੇ ਬਾਬਾ ਜੀ ਦੇ ਬਚਨਾਂ ਨੂੰ ਮੰਨਦਿਆਂ ਹੋਇਆ ਸਭ ਨੂੰ ਵੰਗਾਰ ਤੋਂ ਮੁਕਤ ਕਰ ਦਿੱਤਾ।

ਉਸ ਸਮੇਂ ਇਹ ਸ਼ਹਿਰ ਵੱਧਦਾ ਫੁੱਲਦਾ ਨਹੀਂ ਸੀ ਕਿਉਂਕਿ ਉਸ ਸਮੇਂ ਸਤਲੁਜ ਦਰਿਆ ਮੋਕਲਹਰ ਦੇ ਲਹਿੰਦੇ ਉੱਤਰ ਵੱਲ ਵਗਦਾ ਸੀ ਤੇ ਚੋਰ ਧਾੜਵੀ ਆਦਿ ਆ ਏਸ ਨੂੰ ਲੁੱਟ ਕੇ ਲੈ ਜਾਂਦੇ ਸਨ ਤਾਂ ਬਾਬਾ ਜੀ ਨੇ ਕਿਹਾ ਕਿ ਤੁਸੀਂ ਸ਼ਹਿਰ ਦਾ ਨਾਮ ਬਦਲ ਦਿਓ ਤਾਂ ਰਾਜਾ ਮੋਕਲਸੀ ਨੇ ਝੱਟ ਮੋਕਲਹਰ ਤੋਂ ਸ਼ਹਿਰ ਦਾ ਨਾਮ ਬਦਲ ਕੇ ਸ਼ੇਖ ਫਰੀਦ ਜੀ ਦੇ ਨਾਮ 'ਤੇ ਫਰੀਦਕੋਟ ਰੱਖ ਦਿੱਤਾ। ਬਾਬਾ ਜੀ ਨੇ ਰਾਜੇ ਦੀ ਸੇਵਾ ਭਾਵਨਾ ਤੋਂ ਖੁਸ਼ ਹੁੰਦਿਆਂ ਸ਼ਹਿਰ ਨੂੰ ਅਨੇਕਾਂ ਵਰਦਾਨ ਦਿੱਤੇ।

ਸੋ, ਅੱਜ ਬਾਬਾ ਫਰੀਦ ਜੀ ਦੀ ਵਰਸੋਈ ਹੋਈ ਨਗਰੀ ਫਰੀਦਕੋਟ ਦਾ ਨਾਮ ਵਿਸ਼ਵ ਵਿੱਚ ਜਾਣਿਆ ਜਾਂਦਾ ਹੈ, ਜੇਕਰ ਵਿਸ਼ਵ ਵਿੱਚ ਕਿਤੇ ਕੋਈ ਗੱਲ ਹੁੰਦੀ ਹੈ ਤਾਂ ਬਾਬਾ ਫਰੀਦ ਜੀ ਦੀ ਨਗਰੀ ਫਰੀਦਕੋਟ ਦਾ ਜ਼ਿਕਰ ਜ਼ਰੂਰ ਹੁੰਦਾ ਹੈ।

ਬਾਬਾ ਫਰੀਦ ਜੀ ਦੇ ਆਗਮਨ ਪੁਰਬ ਤੇ ਪੰਜਾਬ ਸਰਕਾਰ ਵੱਲੋਂ ਪੁਰਾਤੱਤਵ ਵਿਰਾਸਤ ਤੇ ਸਭਿਆਚਾਰਕ ਵਿਭਾਗ ਦੇ ਸਹਿਯੋਗ ਨਾਲ ਬੜਾ ਹੀ ਵੱਡਾ 5 ਦਿਨਾਂ ਤੱਕ ਚੱਲਣ ਵਾਲਾ ਮੇਲਾ ਮਨਾਇਆ ਜਾਂਦਾ ਹੈ, ਜਿਸ ਵਿੱਚ ਕਲਾ ਦੇ ਸਭ ਰੰਗ ਹੀ ਦੇਖਣ ਨੂੰ ਮਿਲਦੇ ਹਨ। ਇਸ ਮੇਲੇ ਵਿੱਚ ਸੂਫੀ ਕਵਾਲੀਆਂ, ਕਵੀ ਦਰਬਾਰ, ਪੇਂਡੂ ਖੇਡ ਮੇਲਾ, ਸਭਿਆਚਾਰਕ ਮੇਲਾ, ਕੁਸ਼ਤੀਆਂ, ਕਬੱਡੀ, ਬਾਸਕਿਟਬਾਲ, ਹਾਕੀ, ਕਬੱਡੀ ਆਦਿ ਖੇਡਾਂ ਆਲ ਇੰਡੀਆ ਗੋਲਡ ਕੱਪ ਦੇ ਨਾਮ 'ਤੇ ਕਰਵਾਈਆਂ ਜਾਂਦੀਆਂ ਹਨ। ਬਾਬਾ ਫਰੀਦ ਵਿੱਦਿਅਕ ਸੰਸਥਾਵਾਂ ਦੇ ਚੇਅਰਮੈਨ ਸ. ਇੰਦਰਜੀਤ ਸਿੰਘ ਖਾਲਸਾ ਦੇ ਵਿਸ਼ੇਸ਼ ਸਹਿਯੋਗ ਸਦਕਾ ਇਹ ਮੇਲਾ ਵਿਸ਼ਵ ਵਿੱਚ ਆਪਣੀ ਇੱਕ ਅਲੱਗ ਪਹਿਚਾਣ ਬਣਾ ਚੁੱਕਾ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਇਹ ਮੇਲਾ ਇੱਕ ਫਿਰਕ ਦਾ ਨਹੀਂ ਸਗੋਂ ਸਭ ਧਰਮਾਂ ਦਾ ਸਾਂਝਾ ਮੇਲਾ ਹੁੰਦਾ ਹੈ ਅਤੇ ਬਾਬਾ ਜੀ ਦੀ ਦਰਗਾਹ 'ਤੇ ਦੂਰੋਂ-ਦੂਰੋਂ ਇੱਥੋਂ ਤੱਕ ਕਿ ਵਿਦੇਸ਼ਾਂ ਵਿੱਚੋਂ ਵੀ ਸੰਗਤਾਂ ਹੁੰਮ ਹੁੰਮਾ ਕੇ ਪਹੁੰਚਦੀਆਂ ਹਨ।ਸਭ ਧਰਮਾਂ ਕੋਰ ਦੇ ਲੋਕ ਬਾਬਾ ਜੀ ਦੇ ਅਸਥਾਨ ਤੇ ਜੁੜ ਬੈਠਦੇ ਹਨ। ਨੋਟ:- ਇਸ ਸਾਲ ਬਾਬਾ ਫਰੀਦ ਜੀ ਆਗਮਨ ਪੁਰਬ ਕੋਰੋਨਾ ਮਾਹਮਾਰੀ ਦੇ ਕਾਰਨ ਟਿੱਲਾ ਬਾਬਾ ਫ਼ਰੀਦ ਜੀ ਪ੍ਰਬੰਧਕ ਕਮੇਟੀ ਵੱਲੋਂ ਹੀ ਧਾਰਮਿਕ ਸਮਾਗਮ ਕਰਕੇ ਤਿੰਨ ਦਿਨਾਂ ਮਨਾਇਆ ਜਾ ਰਿਹਾ ਹੈ।

## ਫਰੀਦਾ ਬੁਰੇ ਦਾ ਭਲਾ ਕਰਿ

ਸੂਫੀ ਦਰਵੇਸ਼ਾਂ ਵਿਚ ਬਾਬਾ ਸ਼ੇਖ ਫ਼ਰੀਦ ਸਭ ਤੋ ਸ਼੍ਰੋਮਣੀ ਹੋ ਗੁਜ਼ਰੇ ਹਨ। ਉਨ੍ਹਾਂ ਨੂੰ ਪੰਜਾਬੀ ਦੇ ਆਦਿ-ਕਵੀ ਹੋਣ ਦਾ ਮਾਣ ਪ੍ਰਾਪਤ ਹੈ। ਪੰਜਾਬੀ ਦੇ ਸੂਫ਼ੀ ਕਵੀਆਂ ਵਿੱਚ ਵੀ ਉਨ੍ਹਾਂ ਦਾ ਸਥਾਨ ਸਭ ਤੋਂ ਪਹਿਲਾ ਹੈ। ਆਪ ਦੇ ਜੀਵਨ-ਕਾਲ ਬਾਰੇ ਵਿਦਵਾਨਾਂ ਦੇ ਵੱਖ-ਵੱਖ ਵਿਚਾਰ ਹਨ, ਪਰ ਸਰਬਸੰਮਤੀ ਨਾਲ ਉਨ੍ਹਾਂ ਦਾ ਸਮਾਂ 1173 ਤੋਂ 1266 ਈ. ਮੰਨਿਆ ਗਿਆ ਹੈ। ਆਪ ਦਾ ਜਨਮ ਖੋਤਵਾਲ/ਕੋਠੇਵਾਲ, ਮੁਲਤਾਨ (ਪਾਕਿਸਤਾਨ) ਵਿਖੇ ਸ਼ੇਖ ਜਮਾਲੁਦੀਨ ਦੇ ਘਰ ਬੀਬੀ ਕੁਰਸੁਮ ਦੀ ਕੁੱਖੋਂ ਹੋਇਆ। ਇਤਿਹਾਸਕ ਹਵਾਲਿਆਂ ਅਨੁਸਾਰ ਆਪਦੀਆਂ ਤਿੰਨ ਬੇਗਮਾਂ ਸਨ- ਬੀਬੀ ਹਜ਼ਬਰਾ (ਸੁਲਤਾਨ ਬਲਬਨ ਦੀ ਬੇਟੀ), ਬੀਬੀ ਸ਼ਾਰਦਾ ਅਤੇ ਬੀਬੀ ਸ਼ਕਰ। ਆਪ ਦੇ ਪੰਜ ਪੁੱਤਰਾਂ ਅਤੇ ਤਿੰਨ ਧੀਆਂ ਦਾ ਜ਼ਿਕਰ ਵੀ ਵਿਦਵਾਨਾਂ ਨੇ ਕੀਤਾ ਹੈ, ਜਿਨ੍ਹਾਂ ਵਿੱਚ ਖਵਾਜਾ ਨਸੀਰੂਦੀਨ, ਖਵਾਜਾ ਸਿਹਾਬੁਦੀਨ, ਸ਼ੇਖ ਬਦਰੂਦੀਨ ਸੁਲੇਮਾਨ, ਸ਼ੇਖ ਨਿਜ਼ਾਮੁਦੀਨ, ਸ਼ੇਖ ਯਾਕੂਬ (ਸਾਰੇ ਪੁੱਤਰ) ਬੀਬੀ ਮਸਤੂਰਾ, ਬੀਬੀ ਸ਼ਰੀਫਾ ਅਤੇ ਬੀਬੀ ਫ਼ਾਤਿਮਾ (ਸਾਰੀਆਂ ਧੀਆਂ) ਦਾ ਨਾਂ ਸ਼ਾਮਲ ਹੈ। ਬਾਬਾ ਫ਼ਰੀਦ ਜੀ ਦੇ ਬੇਟੇ-ਬੇਟੀਆਂ ਨੇ ਵੀ ਸੂਫ਼ੀ ਦਰਵੇਸ਼ੀ ਜੀਵਨ ਧਾਰਨ ਕੀਤਾ ਅਤੇ ਅਧਿਆਤਮਕ ਮਾਰਗ ਦੇ ਪਾਂਧੀ ਬਣ ਕੇ ਇਸ ਜੀਵਨ-ਜਾਚ ਦੇ ਪ੍ਰਚਾਰ-ਪ੍ਰਸਾਰ ਲਈ ਕਾਰਜਸ਼ੀਲ ਰਹੇ।

ਸ਼ੇਖ ਫ਼ਰੀਦ ਦਾ ਪੂਰਾ ਨਾਂ ਸ਼ੇਖ ਫ਼ਰੀਦੁਦੀਨ ਮਸਊਦ ਗੰਜ- ਏ-ਸ਼ਕਰ ਸੀ। ਆਪ ਦੀ ਮਾਤਾ, ਜੋ ਖੁਦ ਧਾਰਮਿਕ ਬਿਰਤੀ ਵਾਲੀ ਨੇਕਦਿਲ ਔਰਤ ਸੀ, ਨੇ ਆਪ ਨੂੰ ਪੰਜ ਵੇਲੇ ਦੀ ਨਮਾਜ਼ ਅਦਾ ਕਰਨ ਦੀ ਚੇਟਕ ਲਾਈ। ਆਪਨੇ ਮੁੱਢਲੀ ਵਿੱਦਿਆ ਪਿੰਡ ਦੇ ਮਦਰੱਸੇ ਤੋਂ ਹਾਸਲ ਕੀਤੀ ਅਤੇ ਪਿੱਛੋਂ ਅਠਾਰਾਂ ਸਾਲ ਦੀ ਉਮਰ ਵਿਚ ਮੁਲਤਾਨ ਆ ਕੇ ਅਰਬੀ, ਫ਼ਾਰਸੀ, ਕੁਰਾਨ, ਹਦੀਸ ਬਾਰੇ ਵਿਸਤ੍ਰਿਤ ਜਾਣਕਾਰੀ ਹਾਸਲ ਕੀਤੀ। ਆਪਨੇ ਛੇਤੀ ਹੀ ਕੁਰਾਨ ਸ਼ਰੀਫ ਜ਼ਬਾਨੀ ਯਾਦ ਕਰ ਲਈ। ਮੁਲਤਾਨ ਰਹਿੰਦਿਆਂ ਹੀ ਉਹ ਸੂਫ਼ੀਆਂ ਦੇ ਚਿਸ਼ਤੀ ਸਿਲਸਿਲੇ ਦੇ ਮੁਖੀ ਖਵਾਜਾ ਕੁਤਬੁਦੀਨ ਬਖ਼ਤਿਆਰ ਕਾਕੀ ਨੂੰ ਮਿਲੇ ਅਤੇ ਪਿੱਛੋਂ ਇਸ ਸੰਪਰਦਾਇ ਦੀ ਵਾਗਡੋਰ ਸੰਭਾਲ ਲਈ।

ਸ਼ੇਖ ਫਰੀਦ ਜੀ ਦੀ ਪ੍ਰਮਾਣਿਕ ਬਾਣੀ ਨੂੰ ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਉਦਾਸੀਆਂ ਦੌਰਾਨ ਪਾਕਪਟਨ ਤੋਂ ਸ਼ੇਖ ਬ੍ਰਹਮ ਪਾਸੋਂ ਹਾਸਲ ਕੀਤਾ ਅਤੇ ਪਿੱਛੋਂ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ (1604 ਈ.) ਸਮੇਂ ਇਸ ਨੂੰ ਢੁਕਵਾਂ ਸਥਾਨ ਪ੍ਰਦਾਨ ਕੀਤਾ। ਗੁਰੂ ਗ੍ਰੰਥ ਸਾਹਿਬ ਵਿੱਚ ਆਪ ਦੇ ਰਚੇ ਚਾਰ ਸ਼ਬਦ (ਦੋ ਰਾਗ ਆਸਾ ਵਿੱਚ, ਪੰਨਾ 488; ਅਤੇ ਦੋ ਰਾਗ ਸੂਹੀ ਵਿੱਚ, ਪੰਨਾ 794) ਅਤੇ 'ਸਲੋਕ ਸੇਖ ਫਰੀਦ ਕੇ' (ਪੰਨੇ 1377 ਤੋਂ 1384 ਤਕ) ਸਿਰਲੇਖ ਹੇਠ 130 ਸ਼ਲੋਕ ਪ੍ਰਾਪਤ ਹੁੰਦੇ ਹਨ। ਇਨ੍ਹਾਂ ਚੋਂ 112 ਸ਼ਲੋਕ ਫ਼ਰੀਦ ਜੀ ਦੇ ਆਪਣੇ ਲਿਖੇ ਹੋਏ ਹਨ, ਜਦਕਿ 18 ਸ਼ਲੋਕ ਵੱਖ-ਵੱਖ ਗੁਰੂ ਸਾਹਿਬਾਨ ਦੁਆਰਾ ਰਚੇ ਹੋਏ ਹਨ। ਇਨ੍ਹਾਂ ਅਠਾਰਾਂ ਸ਼ਲੋਕਾਂ ਦਾ ਮੁਕੰਮਲ ਵੇਰਵਾ ਇਸ ਤਰ੍ਹਾਂ ਹੈ:

* ਗੁਰੂ ਨਾਨਕ ਦੇਵ ਜੀ (ਚਾਰ ਸ਼ਲੋਕ) : ਨੰ. 32, 113, 120, 124.
* ਗੁਰੂ ਅਮਰਦਾਸ ਜੀ (ਪੰਜ ਸ਼ਲੋਕ) : ਨੰ. 13, 52, 104, 122, 123.
* ਗੁਰੂ ਰਾਮਦਾਸ ਜੀ (ਇੱਕ ਸ਼ਲੋਕ) : ਨੰ.121.
* ਗੁਰੂ ਅਰਜਨ ਦੇਵ ਜੀ (ਅੱਠ ਸ਼ਲੋਕ) : ਨੰ. 75, 82, 83, 105, 108, 109, 110, 111.

ਫ਼ਰੀਦ ਜੀ ਦੇ ਬਹੁਤ ਸ਼ਲੋਕ ਤਾਂ ਦੋ-ਦੋ ਪੰਕਤੀਆਂ ਵਾਲੇ ਹੀ ਹਨ, ਪਰ ਕੁਝ ਇੱਕ ਸ਼ਲੋਕਾਂ ਵਿੱਚ ਪੰਕਤੀਆਂ ਦੀ ਗਿਣਤੀ ਵਧ ਵੀ ਹੈ, ਜਿਵੇਂ ਸ਼ਲੋਕ ਨੰ. 1 (ਅੱਠ ਪੰਕਤੀਆਂ), ਸ਼ਲੋਕ ਨੰ. 100 (ਛੇ ਪੰਕਤੀਆਂ), ਸ਼ਲੋਕ ਨੰ. 98, 99 (ਚਾਰ-ਚਾਰ ਪੰਕਤੀਆਂ), ਸ਼ਲੋਕ ਨੰ. 49, 97 (ਤਿੰਨ-ਤਿੰਨ ਪੰਕਤੀਆਂ)। ਇਵੇਂ ਹੀ ਇਨ੍ਹਾਂ ਸ਼ਲੋਕਾਂ ਦੇ ਅੰਤਰਗਤ ਦਰਜ ਵਿਭਿੰਨ ਗੁਰੂ ਸਾਹਿਬਾਨਾਂ ਦੇ ਸ਼ਲੋਕ ਵੀ ਦੋ ਜਾਂ ਦੋ ਤੋਂ ਵੱਧ ਪੰਕਤੀਆਂ ਦੇ ਮਿਲਦੇ ਹਨ। ਇਸੇ ਸਿਲਸਿਲੇ ਵਿਚ ਸੂਹੀ ਰਾਗ ਵਿੱਚ ਦਰਜ ਗੁਰੂ ਨਾਨਕ ਦੇਵ ਜੀ (ਪੰਨਾ 729) ਅਤੇ ਬਾਬਾ ਫ਼ਰੀਦ ਜੀ (ਪੰਨਾ 794) ਜੀ ਦੇ ਸ਼ਬਦ ਵੀ ਵੇਖਣਯੋਗ ਹਨ। ਜਿੱਥੇ ਬਾਬਾ ਫ਼ਰੀਦ ਜੀ ਆਪਣੇ ਸ਼ਬਦ (ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ...) ਵਿੱਚ ਸਮੱਸਿਆ ਦਾ ਜ਼ਿਕਰ ਕਰ ਰਹੇ ਹਨ, ਉੱਥੇ ਗੁਰੂ ਨਾਨਕ ਦੇਵ ਜੀ ਨੇ (ਜਪ ਤਪ ਕਾ ਬੰਧੁ ਬੇੜੁਲਾ ਜਿਤੁ ਲੰਘਹਿ ਵਹੇਲਾ...) ਵਿੱਚ ਸਮੱਸਿਆ ਤੋਂ ਉਬਰਨ ਦੀ ਜਾਚ ਦੱਸੀ ਹੈ।

ਬੇਸ਼ੱਕ ਬਾਬਾ ਫਰੀਦ ਜੀ ਇਸਲਾਮ ਧਰਮ ਨਾਲ ਸਬੰਧ ਰੱਖਦੇ ਹਨ ਅਤੇ ਉਨ੍ਹਾਂ ਦੀ ਰਚਨਾ ਵਿਚ ਇਸਲਾਮਕ ਸ਼ਬਦਾਵਲੀ ਦੀ ਬਹੁਤਾਤ ਹੈ, ਜਿਵੇਂ ਮਲਕੁ (ਮਲਕੁਲਮਉਤ), ਸ਼ੈਤਾਨ, ਨਮਾਜ਼, ਉਜੂ (ਵੁਜ਼ੂ), ਦੋਜ਼ਕ, ਸਬਰ, ਰਜ਼ਾ, ਜੀਰਾਣ, ਗੋਰ, ਮੁਸੱਲਾ, ਸੂਫ਼, ਦਰਵੇਸ਼, ਅਜ਼ਰਾਈਲ, ਖੁਦਾਇ ਆਦਿ, ਪਰ ਉਨ੍ਹਾਂ ਦੇ ਉਪਦੇਸ਼ ਅਤੇ ਸਿੱਖਿਆਵਾਂ ਸਮੁੱਚੀ ਲੋਕਾਈ ਵਾਸਤੇ ਹਨ। ਉਨ੍ਹਾਂ ਦੀ ਬਾਣੀ ਵਿਚ ਇਸ਼ਕ, ਬ੍ਰਿਹਾ, ਸਬਰ- ਸੰਤੋਖ, ਸਹਿਣਸ਼ੀਲਤਾ, ਨਿਮਰਤਾ, ਖਿਮਾ, ਮਿੱਠਾ ਬੋਲਣਾ, ਪ੍ਰਭੂ ਭਗਤੀ, ਜੀਵਨ ਦੀ ਨਾਸ਼ਮਾਨਤਾ, ਪਰਿਪੱਕਤਾ, ਨੇਕੀ, ਸਮੇਂ ਦੀ ਸਾਰਥਿਕਤਾ ਆਦਿ ਵਿਸ਼ਿਆਂ ਨੂੰ ਪ੍ਰਮੁੱਖਤਾ ਪ੍ਰਾਪਤ ਹੈ ਅਤੇ ਇਨ੍ਹਾਂ ਦੀ ਵਿਸ਼ਿਆਂ ਨੂੰ ਸਾਕਾਰ ਕਰਨ ਲਈ ਉਨ੍ਹਾਂ ਨੇ ਵਿਭਿੰਨ ਸ਼ਲੋਕਾਂ ਦੀ ਸਿਰਜਣਾ ਕੀਤੀ ਹੈ। ਇਹੋ ਜਿਹੇ ਵਿਸ਼ਿਆਂ ਨੂੰ ਪ੍ਰਸਤੁਤ ਕਰਨ ਵਾਲੇ ਆਪ ਦੇ ਕੁਝ ਸ਼ਲੋਕਾਂ ਦਾ ਅਧਿਐਨ ਕੀਤਾ ਜਾ ਸਕਦਾ ਹੈ:




* ਨੇਕੀ :

– ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨਾ ਨ ਮਾਰੇ ਘੁੰਮਿ॥
ਆਪਨੜੈ ਘਰਿ ਜਾਈਐ ਪੈਰ ਤਿਨਾ ਦੇ ਚੁੰਮਿ॥

(ਸ਼ਲੋਕ 7)

– ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥

(ਸ਼ਲੋਕ 78)

* ਸਬਰ ਸੰਤੋਖ :
ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ॥
ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ॥ (ਸ਼ਲੋਕ 29)
ਸਬਰ ਅੰਦਰਿ ਸਾਬਰੀ ਤਨੁ ਏਵੈ ਜਾਲੇਨਿ॥
ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ॥

ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ

(ਸ਼ਲੋਕ 116)

* ਮਿੱਠਾ ਬੋਲਣਾ :

ਇਕੁ ਫਿਕਾ ਨਾ ਗਾਲਾਇ ਸਭਨਾ ਮੈ ਸਚਾ ਧਣੀ॥
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ॥

(ਸ਼ਲੋਕ 129)

– ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ॥
ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀਦਾ॥ (ਸਲੋਕ 130)

* ਭੇਖ ਤੋਂ ਮੁਕਤੀ :

– ਫਰੀਦਾ ਕੰਨਿ ਮੁਸਲਾ ਸੂਫੁ ਗਲਿ ਦਿਲਿ ਕਾਤੀ ਗੁੜੁ ਵਾਤਿ॥
ਬਾਹਰ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ॥

(ਸਲੋਕ 50)

– ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ॥
ਗੁਨਹੀ ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ॥

(ਸ਼ਲੋਕ 61)

ਫ਼ਰੀਦ-ਬਾਣੀ ਦੀ ਇਹ ਵਿਲੱਖਣਤਾ ਹੈ ਕਿ ਅੱਜ ਵੱਖ-ਵੱਖ ਵਿਚਾਰਧਾਰਾ ਤੋਂ ਪ੍ਰਭਾਵਿਤ ਅਤੇ ਵੱਖ-ਵੱਖ ਵਿਸ਼ਿਆਂ ਸਬੰਧੀ ਲਿਖਣ ਵਾਲੇ ਲੇਖਕ ਆਪਣੀਆਂ ਰਚਨਾਵਾਂ ਦੇ ਨਾਮਕਰਨ ਲਈ ਫ਼ਰੀਦ-ਬਾਣੀ ਵਿਚਲੇ ਵਾਕੰਸ਼ਾਂ ਨੂੰ ਸਭ ਤੋਂ ਢੁਕਵਾਂ ਅਤੇ ਪ੍ਰਮਾਣਿਕ ਸਮਝ ਕੇ ਇਨ੍ਹਾਂ ਦੀ ਵਰਤੋਂ ਕਰਦੇ ਵੇਖੇ ਜਾ ਸਕਦੇ ਹਨ। ਵਧੇਰੇ ਵਿਸਥਾਰ ਵਿੱਚ ਨਾ ਜਾਂਦਿਆਂ ਅਸੀਂ ਇੱਥੇ ਕੁਝ ਅਜਿਹੀ ਹੀ ਪੁਸਤਕਾਂ ਅਤੇ ਲੇਖਕਾਂ ਦੇ ਨਾਂ ਦੇ ਕੇ ਆਪਣੀ ਗੱਲ ਸਪਸ਼ਟ ਕਰਨ ਦੀ ਕੋਸ਼ਿਸ਼ ਕਰਦੇ ਹਾਂ: ਏਹੁ ਹਮਾਰਾ ਜੀਵਣਾ, ਖੜਾ ਪੁਕਾਰੇ ਪਾਤਣੀ, ਦੁਨੀ ਸੁਹਾਵਾ ਬਾਗ਼ (ਦਲੀਪ ਕੌਰ ਟਿਵਾਣਾ), ਬਿਰਹਾ ਤੂ ਸੁਲਤਾਨ (ਸ਼ਿਵ ਕੁਮਾਰ ਬਟਾਲਵੀ), ਬੇੜਾ ਬੰਧਿ ਨ ਸਕਿਓ (ਸੰਤ ਸਿੰਘ ਸੇਖੋਂ), ਰੁੱਖਾਂ ਦੀ ਜੀਰਾਂਦ (ਗੁਰਬਖ਼ਸ਼ ਸਿੰਘ ਪ੍ਰੀਤਲੜੀ), ਸੁਕ ਗਏ ਕੁਮਲਾਇ (ਗੁਰਦਿਆਲ ਸਿੰਘ ਫੁੱਲ), ਕੰਧੀ ਉੱਤੇ ਰੁਖੜਾ (ਸੁਰਜੀਤ ਸਿੰਘ ਸੇਠੀ), ਬਾਰਿ ਪਰਾਇ ਬੈਸਣਾ (ਪਾਂਧੀ ਨਨਕਾਣਵੀ), ਵਣ ਕੰਬਿਆ (ਸੁਖਪਾਲਵੀਰ ਸਿੰਘ ਹਸਰਤ) ਅਤੇ ਸਾਲ 2022 ਵਿੱਚ ਪ੍ਰਕਾਸ਼ਿਤ ਪੁਸਤਕ ਰੁਤਿ ਫਿਰੀ ਵਣੁ ਕੰਬਿਆ (ਜਗਜੀਤ ਸਿੰਘ ਲੋਹਟਬੱਦੀ) ਆਦਿ।

ਬਾਬਾ ਫ਼ਰੀਦ ਜੀ ਦੇ ਪਾਵਨ ਚਰਨਾਂ ਨਾਲ ਵਰੋਸਾਈ ਧਰਤੀ ਫ਼ਰੀਦਕੋਟ ਵਿਖੇ ਪਿਛਲੇ ਕਈ ਵਰ੍ਹਿਆਂ ਤੋਂ ਬਾਬਾ ਫਰੀਦ ਆਗਮਨ ਪੁਰਬ ਹਰ ਸਾਲ 19 ਸਤੰਬਰ ਤੋਂ 23 ਸਤੰਬਰ ਤੱਕ ਮਨਾਇਆ ਜਾਂਦਾ ਹੈ। ਦੱਸਿਆ ਜਾਂਦਾ ਹੈ ਕਿ ਕਰੀਬ ਅੱਠ ਸਦੀਆਂ ਪਹਿਲਾਂ ਇਸ ਇਲਾਕੇ ਤੇ ਮੋਹਕਲ ਨਾਂ ਦਾ ਰਾਜਾ ਰਾਜ ਕਰਦਾ ਸੀ। ਉਹਨੇ ਮੋਹਕਲਗੜ੍ਹ ਨਾਂ ਦਾ ਇੱਕ ਕਿਲ੍ਹਾ ਬਣਵਾਇਆ, ਜਿਸ ਦੀ ਉਸਾਰੀ ਸਮੇਂ ਉਸ ਦੇ ਸਿਪਾਹੀਆਂ ਨੇ ਇਸ ਪਾਸਿਉਂ ਲੰਘ ਰਹੇ ਬਾਬਾ ਫਰੀਦ ਜੀ ਨੂੰ ਫੜ ਕੇ ਵਗਾਰ ਦੇ ਕੰਮ 'ਤੇ ਲਾ ਦਿੱਤਾ। ਇਕ ਦਰਵੇਸ਼ ਨੂੰ ਵਗਾਰੀ ਦੇ ਕੰਮ 'ਤੇ ਲਾਇਆ ਵੇਖ ਕੇ ਜਨਤਾ ਨੇ ਰਾਜੇ ਨੂੰ ਦੱਸਿਆ ਤਾਂ ਰਾਜੇ ਨੇ ਆਪਣੀ ਗਲਤੀ ਦੀ ਖਿਮਾ ਮੰਗੀ ਅਤੇ ਉਸਨੇ ਇਸ ਸ਼ਹਿਰ ਦਾ ਨਾਂ ਫ਼ਰੀਦ ਜੀ ਦੇ ਨਾਂ ਤੇ ਫ਼ਰੀਦਕੋਟ ਰੱਖ ਦਿੱਤਾ।

ਫਰੀਦਕੋਟ ਵਿਖੇ ਫ਼ਰੀਦ ਜੀ ਦੇ ਆਗਮਨ ਦੀ ਯਾਦ ਨੂੰ ਮਨਾਉਣ ਲਈ ਹਰ ਵਰ੍ਹੇ ਕੌਮੀ ਪੱਧਰ ਦੇ ਸਮਾਗਮ ਕਰਵਾਏ ਜਾਂਦੇ ਹਨ, ਜਿਸ ਵਿੱਚ ਸੈਮੀਨਾਰ, ਕਵੀ ਦਰਬਾਰ, ਕੁਸ਼ਤੀਆਂ, ਹਾਕੀ, ਪੁਸਤਕ ਮੇਲਾ ਆਦਿ ਦਾ ਆਯੋਜਨ ਹੁੰਦਾ ਹੈ। ਇੱਥੇ ਕਿਲ੍ਹੇ ਦੇ ਬਿਲਕੁਲ ਨੇੜੇ ਚਿੱਲਾ ਬਾਬਾ ਫਰੀਦ ਸੁਭਾਇਮਾਨ ਹੈ, ਜਿੱਥੇ ਹਰ ਵੀਰਵਾਰ ਲੋਕੀਂ ਆਪਣੀਆਂ ਮਨੋਕਾਮਨਾਵਾਂ ਦੀ ਪੂਰਤੀ ਹਿੱਤ ਸਿਜਦਾ ਕਰਦੇ ਹਨ। ਇਸ ਅਸਥਾਨ ਤੇ ਇੱਕ ਗੁਰਦੁਆਰਾ, ਮਸਜਿਦ, ਲੰਗਰ ਹਾਲ ਅਤੇ ਵਣ ਦਾ ਪੁਰਾਤਨ ਰੁੱਖ ਮੌਜੂਦ ਹੈ। ਵਣ ਬਾਰੇ ਮਾਨਤਾ ਹੈ ਕਿ ਬਾਬਾ ਜੀ ਨੇ ਗਾਰੇ ਨਾਲ ਲਿੱਬੜੇ ਹੱਥ ਇਸ ਰੁੱਖ ਨਾਲ ਪੂੰਝੇ ਸਨ।

ਸ਼ਹਿਰੋਂ ਬਾਹਰਵਾਰ ਫ਼ਰੀਦਕੋਟ-ਕੋਟਕਪੂਰਾ ਸੜਕ ਉੱਤੇ ਗੁਰਦੁਆਰਾ ਗੋਦੜੀ ਸਾਹਿਬ ਦੀ ਸੁੰਦਰ ਇਮਾਰਤ ਹੈ, ਜਿਸ ਬਾਰੇ ਲੋਕ-ਵਿਸ਼ਵਾਸ ਹੈ ਕਿ ਬਾਬਾ ਜੀ ਨੇ ਲੀਰਾਂ ਦੀ ਬਣੀ ਗੋਦੜੀ ਤੇ ਇੱਥੇ ਵਿਸ਼ਰਾਮ ਕੀਤਾ ਸੀ। ਇੱਥੇ ਇੱਕ ਸਰੋਵਰ ਅਤੇ ਬਹੁਤ ਵਿਸ਼ਾਲ ਖੁੱਲ੍ਹਾ ਹਾਲ ਹੈ। ਇਨ੍ਹਾਂ ਅਸਥਾਨਾਂ ਦਾ ਪ੍ਰਬੰਧ ਸਥਾਨਕ ਕਮੇਟੀ ਕਰਦੀ ਹੈ, ਜਿਸ ਦੇ ਸਰਪ੍ਰਸਤ ਭਾਈ ਇੰਦਰਜੀਤ ਸਿੰਘ ਖਾਲਸਾ ਹਨ, ਜੋ ਹਰ ਸਾਲ ਨੇਕ ਕੰਮ ਕਰਨ ਵਾਲੇ ਲੋਕਾਂ ਨੂੰ ਇਨਾਮ-ਸਨਮਾਨ ਪ੍ਰਦਾਨ ਕਰਦੇ ਹਨ। ਆਗਮਨ ਪੁਰਬ ਵਾਲੇ ਦਿਨੀਂ ਚਿੱਲਾ ਬਾਬਾ ਫ਼ਰੀਦ ਤੋਂ ਗੋਦੜੀ ਸਾਹਿਬ ਤੱਕ ਵਿਸ਼ਾਲ ਨਗਰ ਕੀਰਤਨ ਦਾ ਪ੍ਰਬੰਧ ਕੀਤਾ ਜਾਂਦਾ ਹੈ। ਸਾਲ 2000 ਤੋਂ ਕਮੇਟੀ ਵੱਲੋਂ "ਬਾਬਾ ਫ਼ਰੀਦ ਇਮਾਨਦਾਰੀ ਅਵਾਰਡ" ਅਤੇ "ਭਗਤ ਪੂਰਨ ਸਿੰਘ ਮਾਨਵ ਸੇਵਾ ਅਵਾਰਡ" ਦਿੱਤੇ ਜਾ ਰਹੇ ਹਨ। ਇਸ ਸਾਲ ਹੜ੍ਹਾਂ ਦੀ ਕਰੋਪੀ ਨੂੰ ਵੇਖਦੇ ਹੋਏ ਸਾਰੇ ਮਨੋਰੰਜਨ ਵਾਲੇ ਪ੍ਰੋਗਰਾਮ ਰੱਦ ਕਰਕੇ ਸਿਰਫ਼ ਧਾਰਮਿਕ ਪ੍ਰੋਗਰਾਮ ਹੀ ਕੀਤੇ ਜਾ ਰਹੇ ਹਨ।

ਭਾਵੇਂ ਬਾਬਾ ਫਰੀਦ ਜੀ ਅੱਜ ਤੋਂ ਅੱਠ ਸਦੀਆਂ ਪਹਿਲਾਂ ਪੰਜਾਬ ਦੀ ਧਰਤੀ ਤੇ ਆਏ ਸਨ, ਪਰ ਉਨ੍ਹਾਂ ਦੀ ਸ਼ਖ਼ਸੀਅਤ, ਦਰਸ਼ਨ ਅਤੇ ਬਾਣੀ ਨੇ ਪੰਜਾਬੀ ਜਨਜੀਵਨ ਤੇ ਜੋ ਪ੍ਰਭਾਵ ਪਾਇਆ ਹੈ, ਉਹ ਸਾਡੇ ਸਾਹਮਣੇ ਹੈ। ਇਹ ਆਪ ਦੀ ਬਾਣੀ ਦਾ ਹੀ ਯੋਗਦਾਨ ਹੈ ਕਿ ਪੰਜਾਬੀਆਂ ਨੇ ਆਪ ਦੀ ਰਚਨਾ ਨੂੰ ਆਪਣੇ ਜੀਵਨ ਦਾ ਅੰਗ ਬਣਾਇਆ ਹੋਇਆ ਹੈ ਅਤੇ ਰੋਜ਼- ਮੱਰਾ ਦੀ ਗੱਲਬਾਤ ਸਮੇਂ ਥਾਂ-ਥਾਂ 'ਤੇ ਆਪ ਦੀ ਬਾਣੀ 'ਚੋਂ ਹਵਾਲੇ ਦਿੱਤੇ ਜਾਂਦੇ ਹਨ।